# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 24 ਅਪ੍ਰੈਲ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਫਲੀਟਵੁੱਡ-ਪੋਰਟ ਕੈਲਸ ਤੋਂ ਕੰਸਰਵੇਟਿਵ ਉਮੀਦਵਾਰ ਸੁਖ ਪੰਧੇਰ ਵੱਲੋਂ ਵੋਟਰਾਂ ਨਾਲ ਨੁੱਕੜ ਮੀਟਿੰਗਾਂ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 24 ਅਪ੍ਰੈਲ : ਸਰੀ ਫਲੀਟਵੁੱਡ-ਪੋਰਟ ਕੈਲਸ ਤੋਂ ਕੰਸਰਵੇਟਿਵ ਉਮੀਦਵਾਰ ਸੁਖ ਪੰਧੇਰ ਵੱਲੋਂ ਆਪਣੀ ਚੋਣ ਮੁਹਿੰਮ ਦੌਰਾਨ ਵੋਟਰਾਂ ਨਾਲ ਘਰ ਘਰ ਜਾ ਕੇ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਨੁਕੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਆਪਣੀ ਚੋਣ ਮੁਹਿੰਮ ਬਾਰੇ ਉਹਨਾਂ ਦੱਸਿਆ ਕਿ ਹਲਕੇ ਵਿਚ ਕੰਸਰਵੇਟਿਵ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਲੋਕ ਕੰਸਰਵੇਟਿਵ ਆਗੂ ਪੀਅਰ ਪੋਲੀਵਰ ਅਤੇ ਪਾਰਟੀ ਨੀਤੀਆਂ ਦਾ ਭਰਪੂਰ ਸਮਰਥਨ ਕਰ ਰਹੇ ਹਨ। ਏਜੰਸੀਆਂ ਦੇ ਚੋਣ ਸਰਵੇਖਣਾਂ ਵਿਚ ਲਿਬਰਲ ਨੂੰ ਉਪਰ ਵਿਖਾਏ ਜਾਣ ਦੇ ਸਵਾਲ 'ਤੇ ਉਹਨਾਂ ਕਿਹਾ ਕਿ ਜ਼ਮੀਨੀ ਪੱਧਰ 'ਤੇ ਹਕੀਕਤ ਹੋਰ ਹੈ। ਡੋਰ ਨਾਕਿੰਗ ਦੌਰਾਨ ਅਤੇ ਪਾਰਟੀ ਪ੍ਰੋਗਰਾਮਾਂ ਦੌਰਾਨ ਲੋਕਾਂ ਦਾ ਉਤਸ਼ਾਹ ਅਤੇ ਸਮੱਰਥਨ ਇਕ ਤਬਦੀਲੀ ਦਾ ਸੰਕੇਤ ਹੈ। ਲੋਕ ਲਿਬਰਲ ਸਰਕਾਰ ਦੀਆਂ 10 ਸਾਲ ਦੀਆਂ ਗਲਤ ਨੀਤੀਆਂ ਅਤੇ ਕੁਸ਼ਾਸਨ ਤੋਂ ਬਹੁਤ ਅੱਕੇ ਹੋਏ ਹਨ। ਹੁਣ ਉਹਨਾਂ ਕੋਲ ਇਕ ਮੌਕਾ ਹੈ ਤੇ ਉਹ ਇਹ ਮੌਕਾ ਕਦੇ ਵੀ ਗਵਾਉਣਾ ਨਹੀ ਚਾਹੁੰਦੇ।

ਸੁਖ ਪੰਧੇਰ ਨੇ ਦਾਅਵਾ ਕੀਤਾ ਕਿ ਪੀਅਰ ਪੋਲੀਵਰ ਦੀ ਅਗਵਾਈ ਹੇਠ ਕੰਸਰਵੇਟਿਵ ਨਵੀਂ ਸਰਕਾਰ ਬਣਾਉਣਗੇ ਅਤੇ ਇਹ ਸਰਕਾਰ ਕੈਨੇਡੀਅਨ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਕਰਨ ਦੇ ਨਾਲ ਨਾਲ ਕੈਨੇਡਾ ਨੂੰ ਮਜ਼ਬੂਤ ਤੇ ਵਿਕਾਸ ਮੁਖੀ ਆਰਥਿਕਤਾ ਪ੍ਰਦਾਨ ਕਰੇਗੀ। ਇਸ ਮੌਕੇ ਉਹਨਾਂ ਨਾਲ ਉੱਘੇ ਕਬੱਡੀ ਪ੍ਰੋਮੋਟਰ ਇੰਦਰਜੀਤ ਰੂਮੀ, ਦਿਲਬਾਗ ਸਿੰਘ ਗਰੇਵਾਲ ਤੇ ਹੋਰ ਕਈ ਸਮੱਰਥਕ ਹਾਜ਼ਰ ਸਨ।

## ਕੈਨੇਡਾ ਵਿਚ ਹੁਣ ਬਦਲਾਅ ਦਾ ਸਮਾਂ ਆ ਗਿਆ ਹੈ–ਕੰਸਰਵੇਟਿਵ ਉਮੀਦਵਾਰ ਹਰਜੀਤ ਸਿੰਘ ਗਿੱਲ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 24 ਅਪ੍ਰੈਲ : ਸਰੀ ਨਿਊਟਨ ਹਲਕੇ ਤੋਂ ਕੰਸਰਵੇਟਿਵ ਪਾਰਟੀ ਦੇ ਉਮੀਦਵਾਰ ਹਰਜੀਤ ਸਿੰਘ ਗਿੱਲ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਜ਼ੋਰਦਾਰ ਹੁਲਾਰਾ ਮਿਲਿਆ ਜਦੋਂ ਵਿਸਾਖੀ ਨਗਰ ਕੀਰਤਨ 'ਤੇ ਸਜਾਈ ਸਟੇਜ ਉੱਪਰ ਪਹੁੰਚ ਕੇ ਕੰਸਰਵੇਟਿਵ ਆਗੂ ਪੀਅਰ ਪੋਲੀਵਰ, ਬੀ.ਸੀ. ਅਸੈਬਲੀ ਵਿਚ ਵਿਰੋਧੀ ਧਿਰ ਦੇ ਨੇਤਾ ਜੌਹਨ ਰਸਟੈਂਡ ਅਤੇ ਸਰੀ ਦੇ ਸਾਬਕਾ ਮੇਅਰ ਡੱਗ ਮੈਕੱਲਮ ਨੇ ਹਜਾਰਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਹਰਜੀਤ ਸਿੰਘ ਗਿੱਲ ਨੂੰ ਵੱਡੀ ਜਿੱਤ ਦੁਆਉਣ ਅਤੇ ਕੈਨੇਡਾ ਵਿਚ ਲੋਕਾਂ ਦੀ ਸਰਕਾਰ ਬਣਾਉਣ ਲਈ ਕੰਸਰਵੇਟਿਵ ਪਾਰਟੀ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ।

ਇਸੇ ਦੌਰਾਨ ਲੋਕਾਂ ਨੂੰ ਆਪਣੇ ਸੁਪਨੇ ਸਾਜਗਾਰ ਕਰਨ ਲਈ ਮੈਦਾਨ ਵਿਚ ਆ ਕੇ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਹਰਜੀਤ ਸਿੰਘ ਗਿੱਲ ਨੇ ਕਿਹਾ ਹੈ ਕਿ ਉਨ੍ਹਾਂ ਪਿਛਲੇ 14 ਮਹੀਨੇ ਦੀ ਸਖਤ ਮਿਹਨਤ ਕਰ ਕੇ ਹਲਕੇ ਦੇ ਲੋਕਾਂ ਦੇ ਦਰਵਾਜ਼ਿਆਂ 'ਤੇ ਜਾ ਕੇ ਨਿੱਜੀ ਤੌਰ 'ਤੇ ਬੇਨਤੀ ਕੀਤੀ ਹੈ ਕਿ ਹੁਣ ਬਦਲਾਅ ਦਾ ਸਮਾਂ ਆ ਗਿਆ ਹੈ। ਸਰੀ ਨਿਊਟਨ ਹਲਕੇ ਵਿਚ ਪਿਛਲੇ 20 ਵਰ੍ਹਿਆਂ ਤੋਂ ਕਿਸੇ ਨੇ ਲੋਕਾਂ ਦੀ ਬਾਤ ਹੀ ਨਹੀਂ ਪੁੱਛੀ, ਸਿਰਫ ਗੱਲਾਂ ਹੀ ਕੀਤੀਆਂ ਹਨ।

ਉਨ੍ਹਾਂ ਦੱਸਿਆ ਕਿ ਪਿਛਲੇ 8-9 ਮਹੀਨਿਆਂ ਦੇ ਵਿੱਚ ਉਨ੍ਹਾਂ ਨੇ 11 ਹਜਾਰ ਘਰਾਂ ਦੇ ਦਰਵਾਜ਼ਿਆਂ 'ਤੇ ਦਸਤਕ ਦਿੱਤੀ ਹੈ। ਲੋਕਾਂ ਨੇ ਘਰਾਂ, ਮਹਿੰਗਾਈ, ਬੱਚਿਆਂ ਦੀ ਪੜ੍ਹਾਈ, ਜਾਨ ਮਾਲ ਦੀ ਰੱਖਿਆ, ਬਜ਼ੁਰਗਾਂ ਦੀ ਹੈਲਥ ਕੇਅਰ ਦੇ ਮਸਲੇ ਸਾਹਮਣੇ ਲਿਆਂਦੇ ਹਨ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਬੱਚਿਆਂ ਦੀ ਪਲੇਸਮੈਂਟ ਨਾ ਹੋਣਾ, ਇਮੀਗਰੇਸ਼ਨ ਦੀ ਬਹੁਤਾਤ ਹੋ ਜਾਣੀ, ਗਰਮੀਆਂ ਦੇ ਵਿੱਚ ਵੀ ਬੱਚਿਆਂ ਨੂੰ ਕੰਮ ਨਾਲ ਮਿਲਣਾ, ਬੱਚਿਆਂ ਨੂੰ ਦਾਖ਼ਲਾ ਨਾ ਮਿਲਣਾ, ਲਾਅ ਐਂਡ ਆਰਡਰ ਕਿਧਰੇ ਦਿਖਾਈ ਨਾ ਦੇਣਾ, ਲੋਕਾਂ ਦੇ ਘਰਾਂ 'ਤੇ ਗੋਲੀਆਂ ਚੱਲਣੀਆਂ। ਕਦੇ ਸੋਚਿਆ ਨਹੀਂ ਸੀ ਕਿ ਕੈਨੇਡਾ ਦੇ ਇਹ ਹਾਲਾਤ ਹੋ ਜਾਣਗੇ।

## ਰੁੱਖ ਲਾਉਣ ਤੋਂ ਬਾਅਦ ਉਹਨਾਂ ਦੀ ਸੰਭਾਲ ਕਰਨਾ ਵੀ ਜਰੂਰੀ : ਮਨੀਸ਼ ਛਾਬੜਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪਰਾ, 24 ਅਪ੍ਰੈਰਲ : ਪੀ.ਐਮ.ਸ਼੍ਰੀ ਸਰਕਾਰੀ ਹਾਈ ਸਕੂਲ ਸੁਰਗਾਪੁਰੀ ਵਿਖੇ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਸਵੇਰ ਦੀ ਸਭਾ ਵਿੱਚ ਇਸ ਵਿਸ਼ੇ 'ਤੇ ਭਾਸ਼ਣ ਦਿੱਤਾ ਗਿਆ। ਇਸ ਵਿੱਚ ਉਹਨਾਂ ਨੂੰ ਰੁੱਖ ਲਾਉਣ, ਉਹਨਾਂ ਦੀ ਸੰਭਾਲ ਕਰਨ, ਪ੍ਰਦੂਸ਼ਣ ਨਾ ਕਰਨ, ਪਾਣੀ ਬਚਾਉਣ ਆਦਿ ਵਿਸ਼ਿਆਂ 'ਤੇ ਦੱਸਿਆ ਗਿਆ, ਨਾਲ ਹੀ ਕਈ ਸਲੋਗਨ ਜਿਵੇਂ ਰੁੱਖਾਂ ਵਰਗੀ ਕੋਈ ਛਾਂ ਨਹੀਂ ਤੇ ਧਰਤੀ ਵਰਗੀ ਕੋਈ ਮਾਂ ਨਹੀਂ, ਧਰਤੀ ਮਾਂ ਦੇ ਕਰੀਏ ਰਾਖੀ ਇਹ ਸਮੇਂ ਦੀ ਲੋੜ ਹੈ ਖਾਸੀ ਦੀ ਮਹੱਤਤਾ ਦੱਸੀ ਗਈ। ਇਸ ਮੌਕੇ ਬੱਚਿਆਂ ਦੇ ਇਸ ਵਿਸ਼ੇ ਉੱਤੇ ਚਾਰਟ ਮੁਕਾਬਲੇ ਵੀ ਕਰਾਏ ਗਏ। ਵਧੀਆ ਚਾਰਟ ਬਣਾਉਣ ਵਾਲੇ ਬੱਚਿਆਂ ਨੂੰ ਸਕੂਲ ਦੇ ਹੈਡ ਮਾਸਟਰ ਸ਼੍ਰੀ ਮਨੀਸ਼ ਛਾਬੜਾ ਜੀ ਵੱਲੋਂ ਇਨਾਮ ਦਿੱਤੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੂਲ ਦੇ ਸਾਰੇ ਸਾਇੰਸ ਅਧਿਆਪਕ ਸ਼੍ਰੀ ਰਵਿੰਦਰ ਕੁਮਾਰ ਮੈਡਮ ਪਵਨਦੀਪ ਕੌਰ ਮੈਡਮ ਕੁਲਵਿੰਦਰ ਕੌਰ ਅਤੇ ਮੈਡਮ ਸ਼ੀਲਮ ਜੈਨ ਵੀ ਹਾਜਰ ਸਨ।

## ਸਰਕਾਰੀ ਹਾਈ ਸਕੂਲ ਸੁਰਗਾਪੁਰੀ ਵਿਖੇ ਕਲਚਰਲ ਪ੍ਰੋਗਰਾਮ ਹੋਇਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪਰਾ, 24 ਅਪ੍ਰੈਲ : ਪੀ.ਐਮ.ਸ਼੍ਰੀ ਸਰਕਾਰੀ ਹਾਈ ਸਕੂਲ ਸੁਰਗਾਪੁਰੀ ਕੋਟਕਪੂਰਾ ਵਿਖੇ ਕਲਚਰਲ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮੇਂ ਸਕੂਲ ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਇਸ ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ, ਸਰਸਵਤੀ ਵੰਦਨਾ ਨਾਲ ਕੀਤੀ ਗਈ। ਵਿਦਿਆਰਥੀਆਂ ਨੇ ਲੋਕ ਗੀਤ, ਲੁੱਡੀ, ਪੰਜਾਬ ਦੇ ਲੋਕ ਨਾਚ ਭੰਗੜਾ ਅਤੇ ਗਿੱਧਾ, ਹਰਿਆਣਵੀ ਡਾਂਸ, ਰਾਜਸਥਾਨੀ ਡਾਂਸ, ਮਹਾਰਾਸ਼ਟਰ ਦਾ ਲਾਵਨੀ ਡਾਂਸ ਵੀ ਪੇਸ਼ ਕੀਤਾ। ਇਸ ਮੌਕੇ ਐਸ ਐਮ ਸੀ ਚੇਅਰਮੈਨ ਸ੍ਰੀਮਤੀ ਵੀਰਪਾਲ ਕੌਰ ਸਮੇਤ ਸਮੂਹ ਐਸ.ਐਮ.ਸੀ ਕਮੇਟੀ ਮੈਂਬਰ, ਵਿਦਿਆਰਥੀਆਂ ਦੇ ਮਾਪੇ ਅਤੇ ਮੁਹੱਲੇ ਦੇ ਮੋਹਤਬਰਾਂ ਨੇ ਹਾਜ਼ਰੀ ਭਰੀ। ਸਕੂਲ ਹੈੱਡ ਮਾਸਟਰ ਸ਼੍ਰੀ ਮਨੀਸ਼ ਛਾਬੜਾ ਜੀ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ ਅਤੇ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਵੀ ਹਾਜ਼ਰ ਸਨ।



## ਕੈਨੇਡਾ ਫੈਡਰਲ ਚੋਣਾਂ

### ਤਾਜ਼ਾ ਸਰਵੇਖਣਾਂ ਅਨੁਸਾਰ ਲਿਬਰਲਾਂ ਦਾ ਗਰਾਫ ਡਿੱਗਿਆ ਪਰ ਹੱਥ ਹਾਲੇ ਵੀ ਕੰਸਰਵੇਟਿਵਾਂ ਤੋਂ ਉੱਪਰ

### ਪ੍ਰਧਾਨ ਮੰਤਰੀ ਦੇ ਅਹੁਦੇ ਲਈ ਮਾਰਕ ਕਾਰਨੇ ਨੂੰ 41% ਅਤੇ ਪੀਅਰ ਪੋਲੀਵਰ ਨੂੰ 36% ਵੋਟਰਾਂ ਦੀ ਹਮਾਇਤ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 24 ਅਪ੍ਰੈਲ : ਕੈਨੇਡਾ ਵਿਚ ਫੈਡਰਲ ਚੋਣ ਮੁਹਿੰਮ 32 ਦਿਨ ਮੁਕੰਮਲ ਕਰ ਚੁੱਕੀ ਹੈ। ਸਾਰੀਆਂ ਧਿਰਾਂ ਵੱਲੋਂ ਲੋਕ ਲੁਭਾਉਣੇ ਵਾਅਦਿਆਂ ਨਾਲ ਵੋਟਰਾਂ ਨੂੰ ਭਰਮਾਉਣ 'ਤੇ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਜਿੱਥੇ ਚੋਣਾਂ ਦੇ ਐਲਾਨ ਤੋਂ ਪਹਿਲਾਂ ਲੱਗ ਰਿਹਾ ਸੀ ਕਿ ਕੰਸਰਵੇਟਿਵ ਪਾਰਟੀ ਦੀ ਸਰਕਾਰ ਬਣਨੀ ਲੱਗਭੱਗ ਤੈਅ ਹੈ ਓਥੇ ਹੀ ਚੋਣਾਂ ਦਾ ਐਲਾਨ ਕਰ ਕੇ ਮਾਰਕ ਕਾਰਨੇ ਨੇ ਪਾਸਾ ਪਲਟ ਦਿੱਤਾ ਅਤੇ ਵੋਟਰਾਂ ਦਾ ਰੌਂਅ ਲਿਬਰਲ ਪਾਰਟੀ ਵੱਲ ਹੁੰਦਾ ਨਜ਼ਰ ਆਇਆ। ਵੱਖ ਵੱਖ ਚੋਣ ਸਰਵਿਆਂ ਅਨੁਸਾਰ ਦੋ ਹਫਤੇ ਪਹਿਲਾਂ ਤੱਕ ਲਿਬਰਲ ਆਪਣੀ ਨਜ਼ਦੀਕੀ ਵਿਰੋਧੀ ਕੰਸਰਵੇਟਿਵਾਂ ਤੋਂ 12 ਪ੍ਰਤੀਸ਼ਤ ਦੀ ਲੀਡ ਨਾਲ ਉੱਪਰ ਸਨ ਪਰ ਹੁਣ ਆਏ ਤਾਜ਼ਾ ਸਰਵੇਖਣਾਂ ਅਨੁਸਾਰ ਇਹ ਲੀਡ ਘਟ ਗਈ ਹੈ। ਇਕ ਸਰਵੇਖਣ ਅਨੁਸਾਰ ਇਹ ਲੀਡ 5 ਪ੍ਰਤੀਸ਼ਤ ਹੈ ਰਹਿ ਗਈ ਹੈ ਅਤੇ ਦੂਜੇ ਸਰਵੇਖਣ ਅਨੁਸਾਰ ਹੁਣ ਲੀਡ ਸਿਰਫ 3 ਪ੍ਰਤੀਸ਼ਤ ਹੈ।




ਗਲੋਬਲ ਨਿਊਜ਼ ਲਈ 'ਇਪਸੋਸ ਪੋਲ' ਵੱਲੋਂ ਕਰਵਾਏ ਤਾਜ਼ਾ ਸਰਵੇਖਣ ਮੁਤਾਬਿਕ 41 ਪ੍ਰਤੀਸ਼ਤ ਕੈਨੇਡੀਅਨ ਦਾ ਕਹਿਣਾ ਹੈ ਕਿ ਉਹ ਲਿਬਰਲ ਪਾਰਟੀ ਨੂੰ ਆਪਣੀ ਵੋਟ ਪਾਉਣਗੇ। ਦੂਜੇ ਪਾਸੇ 38 ਪ੍ਰਤੀਸ਼ਤ ਵੋਟਰ ਕੰਸਰਵੇਟਿਵ ਦੀ ਹਮਾਇਤ 'ਤੇ ਹਨ। ਇਸ ਸਰਵੇਖਣ ਵਿੱਚ ਨਿਊ ਡੈਮੋਕ੍ਰੇਟਿਕ ਪਾਰਟੀ ਨੂੰ 12 ਪ੍ਰਤੀਸ਼ਤ, ਗ੍ਰੀਨ ਪਾਰਟੀ ਨੂੰ 2 ਪ੍ਰਤੀਸ਼ਤ ਅਤੇ ਬਲਾਕ ਕਿਊਬੇਕ ਨੂੰ 5 ਪ੍ਰਤੀਸ਼ਤ ਵੋਟ ਮਿਲਣ ਦੀ ਗੱਲ ਕਹੀ ਗਈ ਹੈ। ਇਸ ਪੋਲ ਵਿੱਚ 41 ਪ੍ਰਤੀਸ਼ਤ ਵੋਟਰਾਂ ਨੇ ਮਾਰਕ ਕਾਰਨੇ ਨੂੰ ਪ੍ਰਧਾਨ ਮੰਤਰੀ ਲਈ ਸਭ ਤੋਂ ਵਧੀਆ ਲੀਡਰ ਦੱਸਿਆ ਹੈ ਅਤੇ ਕੰਸਰਵੇਟਿਵ ਨੇਤਾ ਪੀਅਰ ਪੋਲੀਵਰ ਨੂੰ 36 ਪ੍ਰਤੀਸ਼ਤ ਵੋਟਰਾਂ ਦਾ ਸਮਰੱਥਨ ਹਾਸਲ ਹੋਇਆ

ਐਂਗੁਸ ਰੀਡ ਇੰਸਟੀਚਿਊਟ ਦੇ ਤਾਜ਼ਾ ਸਰਵੇਖਣ ਅਨੁਸਾਰ 44 ਪ੍ਰਤੀਸ਼ਤ ਯੋਗ ਕੈਨੇਡੀਅਨ ਵੋਟਰਾਂ ਦਾ ਕਹਿਣਾ ਹੈ ਕਿ ਉਹ ਆਪਣੇ ਲਿਬਰਲ ਉਮੀਦਵਾਰ ਦਾ ਸਮਰਥਨ ਕਰਨਗੇ, ਜਦੋਂ ਕਿ 39 ਪ੍ਰਤੀਸ਼ਤ ਨੇ ਕੰਸਰਵੇਟਿਵ ਨੂੰ ਵੋਟ ਪਾਉਣ ਦੀ ਗੱਲ ਕਹੀ ਹੈ। ਲਿਬਰਲ ਨੇਤਾ ਅਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ 54 ਪ੍ਰਤੀਸ਼ਤ ਵੋਟਰ ਬਤੌਰ ਪ੍ਰਧਾਨ ਮੰਤਰੀ ਦੇਖਣਾ ਚਾਹੁੰਦੇ ਹਨ, ਜਦੋਂ ਕਿ ਕੰਸਰਵੇਟਿਵ ਨੇਤਾ ਪੀਅਰ ਪੋਲੀਵਰ ਨੂੰ 38 ਪ੍ਰਤੀਸ਼ਤ ਵੋਟਰ ਪ੍ਰਧਾਨ ਮੰਤਰੀ ਵਜੋਂ ਦੇਖ ਰਹੇ ਹਨ।

ਨੈਨੋਸ ਰਿਸਰਚ ਦੁਆਰਾ 20ਤੋਂ 22 ਅਪ੍ਰੈਲ ਤੱਕ ਕੀਤੇ ਗਏ ਤਿੰਨ ਦਿਨਾਂ ਦੇ ਰੋਲਿੰਗ ਸੈਂਪਲ ਵਿੱਚ ਲਿਬਰਲਾਂ ਨੂੰ 44 ਪ੍ਰਤੀਸ਼ਤ ਅਤੇ ਕੰਜ਼ਰਵੇਟਿਵਾਂ ਨੂੰ 39 ਪ੍ਰਤੀਸ਼ਤ ਸਮਰਥਨ ਦੱਸਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ 28 ਅਪ੍ਰੈਲ 2025 ਪੋਲਿੰਗ ਦਾ ਫਾਈਨਲ ਦਿਨ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਇਨ੍ਹਾਂ 5 ਦਿਨਾਂ ਵਿਚ ਦੋਵੇਂ ਪ੍ਰਮੁੱਖ ਪਾਰਟੀਆਂ ਦੇ ਲੀਡਰ ਕੀ ਵੋਟਰ ਮਨਾਂ ਨੂੰ ਕੁਝ ਬਦਲ ਸਕਣਗੇ?

## ਕੈਨੇਡਾ ਚੋਣਾਂ ਲਈ 18 ਤੋਂ 21 ਅਪ੍ਰੈਲ ਤੱਕ 4 ਦਿਨ ਹੋਈ ਐਡਵਾਂਸ ਪੋਲ ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾਏ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 24 ਅਪ੍ਰੈਲ : ਕੈਨੇਡਾ ਚੋਣਾਂ ਲਈ 18 ਤੋਂ 21 ਅਪ੍ਰੈਲ ਤੱਕ 4 ਦਿਨ ਹੋਈ ਐਡਵਾਂਸ ਪੋਲ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਲੈਕਸ਼ਨਜ਼ ਕੈਲੇਡਾ ਏਜੰਸੀ ਵੱਲੋਂ ਮੰਗਲਵਾਰ ਨੂੰ ਜਾਰੀ ਕੀਤੇ ਗਏ ਸ਼ੁਰੂਆਤੀ ਅਨੁਮਾਨਾਂ ਅਨੁਸਾਰ ਪਿਛਲੇ ਹਫਤੇ ਦੇ ਅੰਤ ਵਿੱਚ 7.3 ਮਿਲੀਅਨ ਵੋਟਰਾਂ ਨੇ ਐਡਵਾਂਸ ਪੋਲ ਵਿੱਚ ਆਪਣੀ ਵੋਟ ਪਾਈ, ਜੋ ਕਿ 2021 ਦੀਆਂ ਫੈਡਰਲ ਚੋਣਾਂ ਵਿੱਚ ਹੋਈ ਐਡਵਾਂਸ ਪੋਲ ਵਿਚ ਪਈਆਂ 5.8 ਮਿਲੀਅਨ ਵੋਟਾਂ ਤੋਂ 25 ਪ੍ਰਤੀਸ਼ਤ ਵੱਧ ਹੈ।

ਅੱਜ ਬੁੱਧਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 2025 ਦੀਆਂ ਐਡਵਾਂਸ ਪੋਲ ਵਿਚ ਸ਼ੁੱਕਰਵਾਰ ਅਤੇ ਸੋਮਵਾਰ ਨੂੰ ਬੈਲਟ ਬਾਕਸ ਵਿੱਚ ਕੈਨੇਡੀਅਨਾਂ ਦੀ ਸਭ ਤੋਂ ਵੱਡੀ ਗਿਣਤੀ ਦੇਖੀ ਗਈ। ਸ਼ੁੱਕਰਵਾਰ ਨੂੰ ਰਿਕਾਰਡ ਗਿਣਤੀ ਵਿੱਚ ਵੋਟਰਾਂ ਨੇ ਆਪਣੀਆਂ ਪਹਿਲੀਆਂ ਵੋਟਾਂ ਪਾਈਆਂ, ਜਿਸ ਵਿੱਚ 2,054,525 ਵੋਟਾਂ ਪਈਆਂ ਜੋ ਕਿ ਸਤੰਬਰ 2021 ਵਿੱਚ ਐਡਵਾਂਸ ਪੋਲ ਦੇ ਪਹਿਲੇ ਦਿਨ ਪਾਈਆਂ ਗਈਆਂ 1,401,010 ਵੋਟਾਂ ਤੋਂ ਵੱਡੀ ਛਾਲ ਹੈ। ਸੋਮਵਾਰ ਨੂੰ ਐਡਵਾਂਸ ਪੋਲ ਦੇ ਆਖਰੀ ਦਿਨ ਸਭ ਤੋਂ ਵੱਧ ਵੋਟਰਾਂ ਨੇ ਆਪਣੀ ਵੋਟ ਪਾਈ ਅਤੇ ਇਸ ਦਿਨ ਕੁੱਲ 2,100,273 ਵੋਟਾਂ ਪਈਆਂ ਜਦੋਂ ਕਿ 2021 ਵਿੱਚ ਐਡਵਾਂਸ ਪੋਲ ਦੇ ਆਖਰੀ ਦਿਨ 1,906,617 ਵੋਟਾਂ ਪਈਆਂ ਸਨ। ਸ਼ਨੀਵਾਰ ਨੂੰ 1,659,952 ਅਤੇ ਈਸਟਰ ਐਤਵਾਰ ਨੂੰ 1,466,225 ਵੋਟਾਂ ਪਈਆਂ। ਯੂਕੋਨ ਨੂੰ ਛੱਡ ਕੇ ਹਰੇਕ ਸੂਬੇ ਅਤੇ ਪ੍ਰਦੇਸ਼ ਵਿੱਚ 2021 ਨਾਲੋਂ ਵੱਧ ਵੋਟਾਂ ਪਈਆਂ, ਜਿਸ ਵਿੱਚ ਸਭ ਤੋਂ ਵੱਧ ਵੋਟਾਂ ਓਨਟਾਰੀਓ, ਕਿਊਬੈਕ ਅਤੇ ਬ੍ਰਿਟਿਸ਼ ਕੋਲੰਬੀਆ ਵਿਚ ਪਈਆ। ਓਨਟਾਰੀਓ ਵਿੱਚ ਅਨੁਮਾਨਿਤ ਵੋਟਿੰਗ 2,792,881 ਤੱਕ ਪਹੁੰਚ ਗਈ, ਕਿਊਬੈਕ ਵਿੱਚ 1,595,591 ਵੋਟਾਂ ਪਈਆਂ ਅਤੇ ਬੀ.ਸੀ. ਵਿੱਚ 1,104,151 ਵੋਟਾਂ ਪਈਆਂ।

ਐਡਵਾਂਸ ਪੋਲ ਵਿੱਚ ਸੂਬਿਆਂ ਅਤੇ ਪ੍ਰਦੇਸ਼ਾਂ ਵਿੱਚ ਪਈਆਂ ਅਨੁਮਾਨਿਤ ਵੋਟਾਂ ਦੀ ਗਿਣਤੀ ਇਸ ਪ੍ਰਕਾਰ ਰਹੀ-

ਬ੍ਰਿਟਿਸ਼ ਕੋਲੰਬੀਆ: 1,104,151, ਅਲਬਰਟਾ: 815,131, ਸਸਕੈਚਵਨ: 206,754, ਮੈਨੀਟੋਬਾ: 229,379, ਓਨਟਾਰੀਓ: 2,792,881, ਕਿਊਬੈਕ: 1,595,591, ਨੋਵਾ ਸਕੋਸ਼ੀਆ: 210,030, ਨਿਊ ਬਰੰਜ਼ਵਿਕ: 202,006, ਪ੍ਰਿੰਸ ਐਡਵਰਡ ਆਈਲੈਂਡ: 40,015, ਨਿਊਫਾਊਂਡਲੈਂਡ ਅਤੇ ਲੈਬਰਾਡੋਰ: 75,691, ਉੱਤਰ-ਪੱਛਮੀ ਪ੍ਰਦੇਸ਼: 3,631, ਯੂਕੋਨ: 4,748 ਅਤੇ ਨੂਨਾਵਟ: 967

## "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਬਾਬਾ ਫ਼ਰੀਦ ਪਬਲਿਕ ਸਕੂਲ ਵਿਖੇ ਕਰਵਾਇਆ ਗਿਆ ਚਾਰ ਰੋਜ਼ਾ ਫੁੱਟਬਾਲ ਟੂਰਨਾਮੈਂਟ


ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ, 24 ਅਪ੍ਰੈਲ: ਬਾਬਾ ਫ਼ਰੀਦ ਪਬਲਿਕ ਸਕੂਲ ਫਰੀਦਕੋਟ ਦੇ ਖੂਬਸੂਰਤ ਵੀ.ਐੱਮ. ਖੇਡ ਸਟੇਡੀਅਮ ਵਿੱਚ 21 ਅਪ੍ਰੈਲ ਤੋ 24 ਅਪ੍ਰੈਲ ਤੱਕ ਚਾਰ ਰੋਜ਼ਾ ਅੰਤਰ-ਸਦਨ ਫੁੱਟਬਾਲ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ। ਬੱਚਿਆਂ ਦਾ ਸਰਵਪੱਖੀ ਸਖਸ਼ੀਅਤ ਦੇ ਵਿਕਾਸ ਕਰਨ ਅਤੇ ਨਸ਼ੇ ਵਿਰੁੱਧ ਯੁੱਧ ਮੁਹਿੰਮ ਹਿੱਤ ਸਕੂਲ ਦੇ ਵਾਇਸ ਪ੍ਰਿੰਸੀਪਲ ਮੈਡਮ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਅਧਿਆਪਕ ਸਾਹਿਬਾਨ ਦੀ ਯੋਗ ਅਗਵਾਈ ਸਦਕਾ ਇਹ ਅੰਤਰ ਸਦਨ ਫੁੱਟਬਾਲ ਟੂਰਨਾਮੈਂਟ ਬੇਹੱਦ ਕਾਮਯਾਬ ਰਿਹਾ। ਇਸ ਫੁੱਟਬਾਲ ਟੂਰਨਾਮੈਂਟ ਵਿੱਚ ਚਾਰ ਸਦਨ ਦੇ ਵੱਖ-ਵੱਖ ਉਮਰ ਵਰਗ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲੈਂਦੇ ਹੋਏ ਆਪਣੀ ਖੇਡ ਕਲਾ ਦਾ ਬਾਖੂਬੀ ਪ੍ਰਦਰਸ਼ਨ ਕੀਤਾ। ਇਸ ਟੂਰਨਾਮੈਂਟ ਦੌਰਾਨ ਅੰਡਰ-14 ਮੁੰਡਿਆਂ ਦੀ ਟੀਮ ਵਿਚ ਕ੍ਰਮਵਾਰ ਪਹਿਲਾ ਸਥਾਨ- ਸਤਲੁਜ ਸਦਨ, ਦੂਸਰਾ ਸਥਾਨ -ਚਨਾਬ ਅਤੇ ਤੀਸਰਾ ਸਥਾਨ- ਬਿਆਸ ਸਦਨ ਦੇ ਵਿਦਿਆਰਥੀਆਂ ਨੇ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ-17 ਟੀਮ (ਮੁੰਡੇ) ਦੇ ਅੰਤਰਗਤ ਚਨਾਬ ਸਦਨ ਨੇ ਪਹਿਲਾ ਸਥਾਨ ਉੱਤੇ ਜਿੱਤ ਦਰਜ ਕਰਵਾਈ ਅਤੇ ਦੂਸਰਾ ਸਥਾਨ ਉੱਤੇ ਸਤਲੁਜ ਸਦਨ ਤੇ ਤੀਸਰਾ ਸਥਾਨ ਤੇ ਬਿਆਸ ਸਦਨ ਨੇ ਜਿੱਤ ਦਰਜ ਕਰਵਾ ਕੇ ਖੂਬ ਨਾਮਣਾ ਖੱਟਿਆ। ਇਸ ਤੋਂ ਇਲਾਵਾਂ ਅੰਡਰ-19 (ਮੁੰਡੇ) ਟੀਮ ਅਧੀਨ ਪਹਿਲਾ ਸਥਾਨ ਹਾਸਲ ਕਰਨ ਵਾਲੀ ਰਾਵੀ ਸਦਨ ਦੀ ਟੀਮ ਰਹੀ ਤੇ ਨਾਲ ਹੀ ਦੂਸਰਾ ਸਥਾਨ ਬਿਆਸ ਸਦਨ ਤੇ ਤੀਜਾ ਸਥਾਨ ਸਤਲੁਜ ਸਦਨ ਦੀ ਟੀਮ ਨੇ ਹਾਸਲ ਕਰਕੇ ਇਸ ਫੁੱਟਬਾਲ ਟੂਰਨਾਮੈਂਟ ਨੂੰ ਯਾਦਗਾਰੀ ਬਣਾਇਆ। ਸਕੂਲ ਪ੍ਰਿੰਸੀਪਲ ਵੱਲੋਂ ਸਪੋਰਟਸ ਵਿਭਾਗ ਦੇ ਅਜਿਹੇ ਖੇਡ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਦੌਰਾਨ ਸਕੂਲ ਪ੍ਰਿੰਸੀਪਲ ਅਤੇ ਬਾਬਾ ਫ਼ਰੀਦ ਸੰਸਥਾ ਦੇ ਉੱਚ ਅਧਿਕਾਰੀਆਂ ਵਲੋ ਜੇਤੂ ਟੀਮਾ ਦੇ ਖਿਡਾਰੀ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕਰਨ ਹਿੱਤ ਉਹਨਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਮੈਡਮ ਵਲੋ ਉਹਨਾਂ ਦੀ ਖੇਡ ਭਾਵਨਾ ਤੋ ਪ੍ਰਭਾਵਿਤ ਹੋ ਕੇ ਭਵਿੱਖ ਵਿਚ ਹੋਰ ਵੀ ਅਜਿਹੇ ਖੇਡ ਟੂਰਨਾਮੈਂਟ ਕਰਵਾਏ ਜਾਣ ਦੀ ਹੱਲਾਸ਼ੇਰੀ ਦਿੱਤੀ।



## ਸੁਖਦੇਵ ਸਿੰਘ ਸ਼ਾਂਤ ਦੀ 'ਗੁਰਬਾਣੀ ਇੱਕ ਜੀਵਨ-ਜਾਚ' ਪੁਸਤਕ: ਸਿੱਖ ਧਰਮ ਦਾ ਸੰਕਲਪ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ




ਸੁਖਦੇਵ ਸਿੰਘ ਸ਼ਾਂਤ ਸਿੱਖ ਧਰਮ ਦਾ ਮੁੱਦਈ ਲੇਖਕ ਹੈ, ਹੁਣ ਤੱਕ ਉਸ ਦੀਆਂ 11 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ 5 ਬਾਲ ਸੰਗ੍ਰਹਿ, 3 ਗੁਰਮਤਿ ਸਾਹਿਤ, ਤਿੰਨ ਕਹਾਣੀ ਸੰਗ੍ਰਹਿ ਅਤੇ ਇੱਕ ਕਾਵਿ ਸੰਗ੍ਰਹਿ ਸ਼ਾਮਲ ਹਨ। ਗੁਰਬਾਣੀ : ਇੱਕ ਜੀਵਨ - ਜਾਚ ਉਸਦੀ 12ਵੀਂ ਪੁਸਤਕ ਹੈ। ਇਹ ਪੁਸਤਕ ਦੋ ਭਾਗਾਂ ਵਿੱਚ ਵੰਡੀ ਹੋਈ ਹੈ, ਜਿਸ ਵਿੱਚ 26 ਲੇਖ ਹਨ। ਭਾਗ (ੳ) ਵਿੱਚ ਗੁਰਬਾਣੀ ਸਿਧਾਂਤ ਨਾਲ ਸੰਬੰਧਤ 14 ਅਤੇ (ਅ) ਭਾਗ ਵਿੱਚ ਗੁਰਬਾਣੀ ਅਧਿਐਨ ਨਾਲ ਸੰਬੰਧਤ 12 ਲੇਖ ਸ਼ਾਮਲ ਹਨ। ਇਸ ਪੁਸਤਕ ਵਿੱਚ ਗੁਰਮਤਿ ਦੇ ਸਿਧਾਂਤਾਂ ਅਤੇ ਸੰਕਲਪਾਂ ਨਾਲ ਸੰਬੰਧਤ ਵਿਸ਼ੇ ਲਏ ਗਏ ਹਨ। ਲੇਖਕ ਨੇ ਆਪਣੇ ਸਾਰੇ ਲੇਖਾਂ ਵਿੱਚ ਗੁਰਬਾਣੀ ਵਿੱਚੋਂ ਉਦਾਹਰਨਾ ਦੇ ਕੇ ਸਾਬਤ ਕੀਤਾ ਹੈ ਕਿ ਗੁਰਬਾਣੀ ਹੀ ਜੀਵਨ- ਜਾਚ ਹੈੈ। ਇਹ ਪੁਸਤਕ ਇਸ ਬਾਰੇ ਵਿਸਤਾਰ ਪੂਰਬਕ ਜਾਣਕਾਰੀ ਪ੍ਰਦਾਨ ਕਰਦੀ ਹੈ। ਪਹਿਲਾ ਲੇਖ 'ਮਨੁੱਖ ਆਤਮਾ ਕਿ ਸਰੀਰ' ਸਿਰਲੇਖ ਵਾਲਾ ਹੈ, ਜਿਸ ਵਿੱਚ ਵੱਖ-ਵੱਖ ਧਰਮਾਂ ਦੇ ਮਨੁੱਖ ਆਤਮਾ ਕਿ ਸਰੀਰ ਬਾਰੇ ਦ੍ਰਿਸ਼ਟੀਕੋਣ ਦਿੱਤੇ ਗਏ ਹਨ ਪ੍ਰੰਤੂ ਅਖ਼ੀਰ ਵਿੱਚ ਸਿੱਖ ਸਿਧਾਂਤ ਦਾ ਪ੍ਰਗਟਾਵਾ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਮਨੁੱਖ ਦੇ ਤਿੰਨ ਪੱਖ ਤਨ, ਮਨ ਅਤੇ ਆਤਮਾ ਹਨ। ਗੁਰਮਤਿ ਦਾ ਦ੍ਰਿਸ਼ਟੀਕੋਣ ਸਮੁੱਚਤਾ ਦਾ ਦ੍ਰਿਸ਼ਟੀਕੋਣ ਹੈ, ਭਾਵੇਂ ਤਿੰਨਾ ਦੀ ਆਪੋ ਆਪਣੀ ਮਹੱਤਤਾ ਹੈ ਪ੍ਰੰਤੂ ਤਿੰਨਾ ਪੱਖਾਂ ਦੀ ਸੁਮੇਲਤਾ ਹੀ ਸੰਪੂਰਨ ਮਨੁੱਖ ਬਣਾਉਂਦੀ ਹੈ। ਪੁਸਤਕ ਦਾ ਦੂਜਾ ਲੇਖ 'ਆਪੁ ਪਛਾਣੈ ਸੋ ਸਭਿ ਗੁਣ ਜਾਣੈ' ਹੈ ਜਿਸ ਵਿੱਚ ਦੱਸਿਆ ਹੈ, ਗੁਰਮਤਿ ਅਨੁਸਾਰ ਜਦੋਂ ਮਨੁੱਖ ਆਪਣਾ ਮੂਲ ਪਛਾਣ ਲੈਂਦਾ ਹੈ ਤਾਂ ਉਹ ਪੂਰਨ ਮਨੁੱਖ ਬਣ ਜਾਂਦਾ ਹੈ। ਹਰ ਇਨਸਾਨ ਗ਼ਲਤੀ ਦਾ ਪੁਤਲਾ ਹੈ, ਗ਼ਲਤੀ ਦੀ ਪਛਾਣ ਕਰਕੇ ਤਿਆਗ ਦੀ ਭਾਵਨਾ ਪੈਦਾ ਕਰ ਲਵੇ ਫਿਰ ਉਹ ਸਫਲ ਹੋ ਸਕਦਾ। ਗੁਰਮਤਿ ਅਨੁਸਾਰ ਔਗੁਣਾ ਦਾ ਅਹਿਸਾਸ ਕਰਕੇ ਆਪਣੇ ਅੰਦਰੋਂ ਦੁਸ਼ਟ ਨੂੰ ਮਾਰਨਾ ਤੇ ਹਉਮੈ ਨੂੰ ਤਿਆਗਣ ਨਾਲ ਆਪੇ ਦੀ ਪਛਾਣ ਹੋ ਸਕਦੀ ਹੈ। ਤੀਜਾ ਲੇਖ 'ਸੁਚਿ ਹੋਵੈ ਤ ਸਚੁ ਪਾਈਐ' ਗੁਰਮਤਿ ਅਨੁਸਾਰ ਸਰੀਰ ਅਤੇ ਮਨ ਦੋਵੇਂ ਨਿਰਮਲ ਹੋਣੇ ਚਾਹੀਦੇ ਹਨ, ਭਾਵ ਸਰੀਰ ਸਾਫ਼ ਸੁਧਰਾ ਸਫ਼ਾਈ ਪੱਖੋਂ ਅਤੇ ਮਨ ਵਿੱਚ ਕੋਈ ਗ਼ਲਤ ਵਿਚਾਰ ਨਹੀਂ ਹੋਣੇ ਚਾਹੀਦੇ। ਸਰੀਰ ਅਤੇ ਮਨ ਦਾ ਸੱਚਾ ਇਨਸਾਨ ਪਰਮ ਮਨੁੱਖ ਹੁੰਦਾ ਹੈ। 'ਸਚੁ ਸਭਨਾ ਹੋਇ ਦਾਰੂ' ਲੇਖ ਵਿੱਚ ਦੱਸਿਆ ਗਿਆ ਹੈ ਕਿ ਜੇਕਰ ਇਨਸਾਨ ਸਚੁ ਦੇ ਮਾਰਗ 'ਤੇ ਚਲੇਗਾ ਤਾਂ ਸਫ਼ਲਤਾ ਮਿਲਦੀ ਹੈ, ਕਿਸੇ ਕਿਸਮ ਦੀ ਚਿੰਤਾ ਨਹੀਂ ਰਹਿੰਦੀ। ਗੁਰਬਾਣੀ ਸਚੁ ਦੇ ਮਾਰਗ 'ਤੇ ਚਲਣ ਦੀ ਪ੍ਰੇਰਨਾ ਦਿੰਦੀ ਹੈ। 'ਗੁਰਮਤਿ ਅਤੇ ਤਿਆਗ' ਲੇਖ ਵਿੱਚ ਗੁਰਬਾਣੀ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਤਿਆਗਣ ਲਈ ਕਹਿੰਦੀ ਹੈ ਪ੍ਰੰਤੂ ਤਿਆਗ ਵਿੱਚ ਸਰੀਰਕ ਕਸ਼ਟ ਤੋਂ ਦੂਰ ਰਹਿਣਾ ਜ਼ਰੂਰੀ ਹੈ। ਕਿਰਤ ਕਰਦਿਆਂ ਹੀ ਇਨ੍ਹਾਂ ਅਲਾਮਤਾਂ ਤੋਂ ਤਿਆਗ ਕੀਤਾ ਜਾ ਸਕਦਾ ਹੈ। 'ਸੰਗਤ ਅਤੇ ਮਨੁੱਖੀ ਵਿਕਾਸ' ਲੇਖ ਵਿੱਚ ਦੱਸਿਆ ਗਿਆ ਹੈ ਕਿ ਗੁਰਬਾਣੀ ਵਿੱਚ ਸੰਗਤ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਚੰਗੀ ਸੰਗਤ ਵਿੱਚ ਵਿਚਰਦਿਆਂ ਮਨੁੱਖ ਦਾ ਆਤਮਿਕ, ਬੌਧਿਕ, ਨੈਤਿਕ ਅਤੇ ਸਮਾਜਿਕ ਵਿਕਾਸ ਹੁੰਦਾ ਹੈ। ਮਨ ਦੀ ਮੈਲ ਦੂਰ ਹੋ ਜਾਂਦੀ ਹੈ, ਜਿਸ ਨਾਲ ਆਤਮਿਕ ਵਿਕਾਸ ਹੁੰਦਾ ਹੈ। 'ਵਿੱਦਿਆ ਦਾ ਮਨੋਰਥ' ਗੁਰਮਤਿ ਅਨੁਸਾਰ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ'॥ ਜਿਹੜੀ ਵਿਦਿਆ ਮਨੁੱਖ ਨੂੰ ਪਰਉਪਕਾਰੀ ਅਰਥਾਤ ਦੂਜਿਆਂ ਦਾ ਭਲਾ ਕਰਨ ਵਾਲੀ ਤੇ ਵੀਚਾਰ ਕਰਨ ਵਾਲਾ ਬਣਾਉਂਦੀ ਹੈ ਉਹੀ ਵਿੱਦਿਆ ਦਾ ਸਹੀ ਮਨੋਰਥ ਹੁੰਦਾ ਹੈ। ਜੇ ਮਨੁੱਖ ਵੀਚਾਰ ਕਰੇਗਾ ਤਾਂ ਪੰਜੇ ਅਲਾਮਤਾਂ ਤੋਂ ਖਹਿੜਾ ਛੁੱਟ ਜਾਵੇਗਾ। 'ਭੈ ਕਾਹੂ ਕਉ ਦੇਤ ਨਹਿ. . .' ਲੇਖ ਵਿੱਚ ਮਨੁੱਖ ਨੂੰ ਭੈ ਮੁਕਤ ਹੋਣ ਦੀ ਸਿੱਖਿਆ ਦਿੰਦਾ ਹੈ। ਗੁਰਮਤਿ ਦਾ ਬੁਨਿਆਦੀ ਸਿਧਾਂਤ ਹੈ ਕਿ ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਵੇ। ਇਸ ਲੇਖ ਵਿੱਚ ਵੀ ਦੱਸਿਆ ਹੈ ਕਿ ਗੁਰੂ ਸਾਹਿਬ ਨੇ ਉਸ ਸਮੇਂ ਦੇ ਰਾਜਿਆਂ ਨੂੰ ਕੁੱਤੇ ਤੱਕ ਕਿਹਾ ਸੀ। 'ਹਿੰਦੂ ਤੁਰਕ ਦੁਹਹੂੰ ਮਹਿ ਏਕੈ' ਲੇਖ ਵਿੱਚ ਗੁਰਮਤਿ ਦੀ ਕਸੌਟੀ ਵਿੱਚ ਪਰਮਾਤਮਾ ਇੱਕ ਹੈ, ਭਾਵੇਂ ਉਸਦੇ ਵੱਖ-ਵੱਖ ਨਾਮ ਲਏ ਜਾਂਦੇ ਹਨ। ਸਮਾਜ ਵਿੱਚ ਰਾਜਸੀ ਤੇ ਭੌਤਿਕ ਵਖਰੇਵਾਂ ਹੈ ਪ੍ਰੰਤੂ ਪਰਮਾਤਮਾ ਇੱਕ ਹੈ ਗੁਰਬਾਣੀ ਵਿੱਚ ਅਕਾਲ ਪੁਰਖ ਲਈ ਹਿੰਦਸੇ ਦੇ ਰੂਪ 1 (ਇੱਕ) ਦੀ ਵਰਤੋਂ ਕੀਤੀ ਗਈ ਹੈ। 'ਸੋ ਕਿਉ ਮੰਦਾ ਆਖੀਐ' ਲੇਖ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਇਸਤਰੀ ਦੇ ਹੱਕ ਵਿੱਚ ਉਠਾਈ ਗਈ ਆਵਾਜ਼ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ ਰਾਹੀਂ ਦਰਸਾਇਆ ਗਿਆ ਹੈ ਕਿ ਗੁਰਬਾਣੀ ਇਸਤਰੀ ਨੂੰ ਬਰਾਬਰਤਾ ਦਾ ਦਰਜਾ ਦਿੰਦੀ ਹੈੈ। 'ਸਿੱਖ ਸੱਭਿਆਚਾਰ ਅਤੇ ਬਾਣੀ' ਗੁਰਮਤਿ ਅਨੁਸਾਰ ਦਲੇਰੀ, ਦ੍ਰਿੜ੍ਹਤਾ ਅਤੇ ਬਹਾਦਰੀ ਵਾਲਾ ਸਭਿਆਚਾਰ ਪਰਮਾਤਮਾ ਦੇ ਨਾਮ ਵਿੱਚ ਰੰਗਿਆ ਹੋਇਆ ਹੁੰਦਾ ਹੈ ਪ੍ਰੰਤੂ ਬੁਰਿਆਈਆਂ ਤੋਂ ਦੂਰ 'ਤੇ ਚੰਗਿਆਈਆਂ 'ਤੇ ਪਹਿਰਾ ਦਿੰਦਾ ਹੈ। ਰਹਿਣੀ-ਬਹਿਣੀ, ਖਾਣਾ-ਪੀਣਾ ਅਤੇ ਪਹਿਰਾਵਾ ਵੀ ਸਿੱਖ ਸਭਿਆਚਾਰ ਦੇ ਅੰਗ ਹਨ। 'ਗੁਰਬਾਣੀ ਅਤੇ ਵਿਸ਼ਵ-ਭਾਈਚਾਰਾ' ਵਿੱਚ ਸਰਬ–ਵਿਆਪਕਤਾ ਦੇ ਗੁਰਮਤਿ-ਸਿਧਾਂਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ ਹੈ। ਸੰਸਾਰ ਇੱਕ ਲੋਕਾਂ ਦਾ ਸਮੂਹ ਅਰਥਾਤ ਭਾਈਚਾਰਾ ਹੈ। ਸਿੱਖ ਸਿਧਾਂਤ ਸਮਾਨਤਾ ਦੇ ਪੱਖ ਤੋਂ ਕੋਈ ਭੇਦ ਭਾਵ ਨਹੀਂ ਰੱਖਦਾ। ਗੁਰੂ ਦਾ ਸਿਧਾਂਤ ਸਰਬ-ਵਿਆਪਕ ਤੇ ਵਿਹਾਰਕ ਹੈ। 'ਗੁਰਬਾਣੀ ਵਿੱਚ ਕਿਰਤ ਦੀ ਮਹੱਤਤਾ' 'ਤੇ ਜ਼ੋਰ ਦਿੱਤਾ ਗਿਆ ਹੈ। 'ਮੰਗਣ ਗਿਆ ਸੋ ਮਰ ਗਿਆ ਮੰਗਣ ਮੂਲ ਨਾ ਜਾ' ਗੁਰਬਾਣੀ ਦੀ ਸਿਖਿਆ ਹੈ। ਕਿਰਤ ਵੀ ਸੱਚੀ-ਸੁੱਚੀ ਹੋਣੀ ਚਾਹੀਦੀ ਹੈ। 'ਨਾਨਕ ਚਿੰਤਾ ਮਤਿ ਕਰਹੁ. . .' ਗੁਰਬਾਣੀ ਵਿੱਚ ਚਿੰਤਾ ਨੂੰ ਚਿਤਾ ਸਮਾਨ ਕਿਹਾ ਗਿਆ ਹੈ।

ਭਾਗ (ਅ) ਵਿੱਚ 12 ਲੇਖ ਹਨ। ਇਹ ਸਾਰੇ ਲੇਖ ਵੀ ਗੁਰਮਤਿ ਵਿਚਾਰਧਾਰਾ ਦੀ ਵਿਆਖਿਆ ਕਰਦੇ ਹਨ। ਇੱਕੀਵੀਂ ਸਦੀ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਸਾਰਥਿਕ ਤੇ ਸਦੀਵੀ ਹੈ ਕਿਉਂਕਿ ਇਹ ਅਟੱਲ ਸਚਾਈਆਂ ਦਾ ਪ੍ਰਗਟਾਵਾ ਕਰਦੀ ਹੈ। ਸਰਬ-ਸਾਂਝਾ ਅਤੇ ਨਵੀਨਤਾ-ਭਰਪੂਰ ਗ੍ਰੰਥ ਹੈ। ਮੂਲ ਮੰਤਰ ਬਾਰੇ ਦੱਸਿਆ ਗਿਆ ਹੈ ਕਿ ਇਸ ਵਿੱਚ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਅਚਾਰਕ ਲਗਪਗ ਹਰ ਪੱਖ ਦੀ ਬਰਾਬਰਤਾ ਦਾ ਪ੍ਰਗਟਾਵਾ ਹੈ। ਪਰਮਾਤਮਾ ਨਿਰਭਓ ਹੈ। ਜਪੁਜੀ ਸਾਹਿਬ ਵਿੱਚ ਰਹੱਸਵਾਦ ਹੈ। ਰਹੱਸਵਾਦ ਗਿਆਨ-ਇੰਦ੍ਰੀਆਂ ਦੀ ਪਹੁੰਚ ਤੋਂ ਉਪਰਲੇ ਅਨੁਭਵ ਰਾਹੀਂ ਪਰਮਾਤਮਾ ਤੋਂ ਵਿਛੜ ਚੁੱਕੀ ਆਤਮਾ ਨੂੰ ਮੁੜ ਉਸ ਵਿੱਚ ਲੀਨ ਕਰਵਾਉਂਦਾ ਹੈ। ਸੂਰਜ, ਚੰਦ, ਤਾਰੇ ਅਕਾਸ਼, ਪਾਤਾਲ, ਖੰਡ-ਬ੍ਰਹਿਮੰਡ ਆਦਿ ਦਾ ਅਸੀਮ ਦ੍ਰਿਸ਼ ਵਰਣਨ ਕੀਤਾ ਹੈ। ਪਰਮਾਤਮਾ ਦਾ ਅਜੂਨੀ ਅਤੇ ਸੈਭੰ ਹੋਣਾ, ਬ੍ਰਹਿਮੰਡ ਦੀ ਰਚਨਾ ਦਾ ਸਮਾਂ, ਪ੍ਰਮਾਤਮਾ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਪੰਜ ਤੱਤਾਂ ਦੇ ਮੇਲ ਨਾਲ ਸਰੀਰ ਬਣਿਆਂ, ਇਹ ਸਭ ਰਹੱਸਵਾਦੀ ਗੱਲਾਂ ਹਨ। ਜਪੁਜੀ ਵਿੱਚ ਪੰਜ ਖੰਡਾਂ ਦੀ ਅਧਿਆਤਮਿਕਤਾ ਪਹਿਲਾ ਧਰਮ ਖੰਡ ਵਿੱਚ ਜਗਿਆਸੂ ਨੂੰ ਮਹਿਸੂਸ ਹੁੰਦਾ ਹੈ ਕਿ ਸੂਰਜ, ਚੰਦਰਮਾ ਅਤੇ ਧਰਤੀ ਨਿਯਮਾ ਵਿੱਚ ਬੰਨ੍ਹੇ ਹੋਏ ਹਨ। ਆਪੋ ਆਪਣਾ ਧਰਮ ਨਿਭਾ ਰਹੇ ਹਨ। ਗਿਆਨ ਖੰਡ ਵਿੱਚ ਵਿਆਪਕ ਗਿਆਨ ਦੀ ਸੋਝੀ ਹੁੰਦੀ ਹੈ। ਜਗਿਆਸੂ ਦੇ ਮਨ ਵਿੱਚ ਵਿਸ਼ਾਲਤਾ ਆਉਂਦੀ ਹੈ। ਸਰਮ ਖੰਡ ਵਿੱਚ ਮਨ ਦੀ ਘਾੜਤ ਘੜੀ ਜਾਂਦੀ ਹੈ। ਕਰਮ ਖੰਡ ਵਿੱਚ ਮਨ ਨੂੰ ਜਿੱਤਕੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਸੱਚ ਖੰਡ ਪਰਮਾਤਮਾ ਵਿੱਚ ਅਭੇਦ ਹੋਣ ਦੀ ਅਵਸਥਾ ਹੈ। ਇਹ ਪੰਜੇ ਅਵਸਥਾਵਾਂ ਇੱਕ-ਦੂਜੀ ਨਾਲ ਜੁੜੀਆਂ ਹੋਈਆਂ, ਇੱਕਮਿਕਤਾ ਨਾਲ ਓਤ-ਪੋਤ ਹਨ। ਬਾਣੀ ਸਿੱਧ ਗੋਸ਼ਟ ਵਿੱਚ ਸੰਬਾਦ ਦੀ ਜਾਚ ਹੈ। ਇਸ ਵਿੱਚ ਸਿੱਧਾਂ ਨਾਲ ਸੰਬਾਦ ਕਰਕੇ ਜੀਵਨ ਦੀ ਪਵਿਤਰਤਾ ਅਤੇ ਮੁਕਤੀ ਪ੍ਰਾਪਤੀ ਬਾਰੇ ਦੱਸਿਆ ਗਿਆ ਹੈ। ਸੰਬਾਦ ਹੀ ਹਰ ਸਮੱਸਿਆ ਦਾ ਹੱਲ ਕੱਢਦਾ ਹੈ। ਜੀਵਨ ਦਾ ਮਨੋਰਥ ਆਨੰਦ ਦੀ ਪ੍ਰਾਪਤੀ ਹੈ। ਜਿਹੜਾ ਇਨਸਾਨ ਇਛਾਵਾਂ ਤੇ ਬੁਰਿਆਈਆਂ ਤਿਆਗ ਦਿੰਦਾ ਹੈ, ਉਸਨੂੰ ਮਾਨਸਿਕ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਰਹੱਸਵਾਦ ਬਾਰੇ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਅਧਿਆਤਮ ਅਤੇ ਰਹੱਸਵਾਦ ਦਾ ਨਹੁੰ-ਮਾਸ ਦਾ ਰਿਸ਼ਤਾ ਹੈ। ਪ੍ਰਭੂ ਪਿਆਰ ਸਮੁੱਚੇ ਜੀਵਨ ਦੀ ਤਬਦੀਲੀ ਦਾ ਨਾਂ ਹੈ ਤੇ ਤਬਦੀਲੀ ਤੋਂ ਬਾਅਦ ਫਿਰ ਆਨੰਦ ਪ੍ਰਾਪਤ ਹੋ ਜਾਂਦਾ ਹੈ। ਸਿੱਖ ਧਰਮ ਵਿੱਚ ਵਿਆਹ ਸੰਸਕਾਰ 'ਅਨੰਦ ਕਾਰਜ' ਦੇ ਰੂਪ ਵਿੱਚ ਹੈ। ਪਤੀ-ਪਤਨੀ ਦਾ ਇਸ਼ਟ ਇੱਕ ਕਰਨ, ਗੁਰੂ ਗ੍ਰੰਥ ਸਾਹਿਬ ਨਾਲ ਜੋੜਨਾ, ਗ੍ਰਹਿਸਤ ਦਾ ਮਨੋਰਥ ਦੱਸਣਾ, ਅਨੰਦ ਕਾਰਜ ਦਾ ਮੰਤਵ ਹੁੰਦਾ ਹੈ। ਵੈਸੇ ਤਾਂ ਸਾਰੀ ਬਾਣੀ ਹੀ ਦਾਰਸ਼ਨਿਕ ਹੈ ਪ੍ਰੰਤੂ ਸੁਖਮਨੀ ਸਾਹਿਬ ਦਾ ਦ੍ਰਿਸ਼ਟੀਕੋਣ ਵੀ ਦਾਰਸ਼ਨਿਕ ਹੈ। ਮਨ ਹੀ ਸਾਰੇ ਪੁਆੜਿਆਂ ਦੀ ਜੜ੍ਹ ਹੈ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨ ਨੂੰ ਕਾਬੂ ਰੱਖਣ ਅਤੇ ਉਸਦੀ ਮਹੱਤਤਾ ਦਾ ਵਰਣਨ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਹੈ। ਇਸੇ ਤਰ੍ਹਾਂ ਉਨ੍ਹਾਂ ਦਾ ਜਗਤ ਬਾਰੇ ਦ੍ਰਿਸ਼ਟੀਕੋਣ ਵਿੱਚ ਦੱਸਿਆ ਹੈ ਕਿ ਜੀਵਤ ਬੰਦੇ ਦੀ ਹੀ ਕਦਰ ਹੈ, ਮੋਏ ਇਨਸਾਨ ਬਾਰੇ ਤੁਰੰਤ ਭਾਵ ਬਦਲ ਜਾਂਦੇ ਹਨ। ਅਖ਼ੀਰ ਵਿੱਚ ਭੱਟਾਂ ਦੀ ਗੁਰੂ ਸਾਹਿਬਾਨ ਦੀ ਪ੍ਰਸੰਸਾ ਵਿੱਚ ਲਿਖੇ ਸਵੱਈਏਆਂ ਬਾਰੇ ਦੱਸਿਆ ਗਿਆ ਹੈ। ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਬਿਹਤਰੀਨ ਜੀਵਨ ਜਿਉਣ ਦੀ ਜਾਚ ਦਾ ਆਧਾਰ ਬਣਦੀ ਹੈ।

**168 ਪੰਨਿਆਂ, 295 ਰੁਪਏ ਕੀਮਤ ਵਾਲੀ ਇਹ ਪੁਸਤਕ ਸੰਗਮ ਪਬਲੀਕੇਸ਼ਨ ਸਮਾਣਾ ਨੇ ਪ੍ਰਕਾਸ਼ਤ ਕੀਤੀ ਹੈ।**
**ਸੰਪਰਕ: ਸੁਖਦੇਵ ਸਿੰਘ ਸ਼ਾਂਤ:9814901254**

## ਪੰਜਾਬੀ ਸੰਗੀਤ ਦਾ ਯੁੱਗ ਗੀਤਕਾਰ:- ਥਰੀਕਿਆਂ ਵਾਲਾ ਦੇਵ



ਵਰਲਡ ਪੰਜਾਬੀ ਟਾਈਮਜ਼
ਸਰੂਪ ਸਿੰਘ

ਦੇਵ ਥਰੀਕਿਆਂ ਵਾਲਾ ਆਪਣੀ 82-83 ਸਾਲਾਂ ਦੀ ਉਮਰ ਹੰਢਾ ਪਿਛਲੇ ਸਾਲਾਂ ਵਿਚ ਇਸ ਦੁਨੀਆਂ ਤੋਂ ਰੁਖ਼ਸਤ ਹੋ ਚੁੱਕਾ ਹੈ। ਪਰ ਉਹ ਅੱਜ ਵੀ ਸਾਡੇ ਵਿੱਚ ਸਰੀਰਕ ਤੌਰ ਤੇ ਨਾਂ ਹੁੰਦਾ ਹੋਇਆ ਵੀ ਆਪਣੀ ਸ਼ਾਹਕਾਰ ਲਿਖਤ ਦੇ ਜ਼ਰੀਏ ਭਰਵੀਂ ਹਾਜ਼ਰੀ ਲਗਵਾ ਰਿਹਾ ਹੈ। ਦੇਵ ਬਾਰੇ ਲਿਖਣ ਲੱਗਿਆਂ ਕਾਗਜ਼ ਥੁੜ, ਕਲਮ ਥਕਾਵਟ ਤੇ ਸ਼ਬਦ ਘਾਟ ਮਹਿਸੂਸ ਕਰਦੇ ਹਨ, ਕਿਉਂਕਿ ਦੇਵ ਥਰੀਕਿਆਂ ਵਾਲਾ ਗੀਤਕਾਰੀ ਦੇ ਉਹ ਬਾਬਾ ਬੋਹੜ ਹੈ ਜਿਸ ਨੇ ਇੱਕ ਨਹੀਂ,ਦੋ ਨਹੀਂ,ਪੰਜ ਜਾ ਪੰਜਾਹ ਨਹੀਂ ਬਲਕਿ ਹਜ਼ਾਰਾਂ ਦੀ ਤਾਦਾਦ ਵਿਚ ਗੀਤਾਂ ਦੀ ਸਿਰਜਣਾ ਕੀਤੀ ਹੈ। ਦੇਵ ਥਰੀਕਿਆਂ ਵਾਲੇ ਦੀ ਗੀਤਕਾਰੀ ਦਾ ਸਫ਼ਰ ਇੰਨ੍ਹਾਂ ਲੰਮੇਰਾ ਹੈ ਕਿ ਉਨ੍ਹਾਂ ਨੂੰ ਇੱਕ ਪਲ ਦੇ ਵਿਚ ਕਾਗਜ਼ ਦੀ ਹਿੱਕ ਤੇ ਝਰੀਟਣਾ ਮੁਸ਼ਕਿਲ ਹੀ ਨਹੀਂ ਬਲਕਿ ਨਾਮੁਮਕਿਨ ਹੈ। ਦੇਵ ਥਰੀਕਿਆਂ ਬਾਰੇ ਸ਼ਬਦਾਂ ਵਿਚ ਵਧਾ ਚੜ੍ਹਾ ਕੇ ਲਿਖਣਾ ਸੂਰਜ਼ ਨੂੰ ਦੀਵਾ ਦਿਖਾਉਣ ਵਾਲੀ ਗੱਲ ਹੋਵੇਗੀ।

ਦੇਵ ਥਰੀਕਿਆਂ ਵਾਲਾ ਗੀਤਕਾਰੀ ਦਾ ਪਹਿਲਾ ਅਜਿਹਾ ਨਿਵੇਕਲਾ ਪੰਜਾਬੀ ਗੀਤਕਾਰ ਹੈ ਜਿਸ ਨੇ ਆਪਣੇ ਨਾਂ ਦੇ ਨਾਲ ਨਾਲ ਆਪਣੇ ਪਿੰਡ ਦੇ ਨਾਂ ਨੂੰ ਵੀ ਗੀਤਕਾਰੀ ਦੇ ਇਤਿਹਾਸ ਵਿੱਚ ਸੁਨਹਿਰੀ ਹਰਫ਼ਾਂ ਵਿਚ ਲਿਖਿਆ। ਮੋਗੇ ਤੋਂ ਲੁਧਿਆਣੇ ਜਾ ਲੁਧਿਆਣੇ ਤੋਂ ਮੋਗਾ ਜਾਂਦਿਆਂ ਜਾ ਫਿਰ ਗਾਇਕਾ ਦੇ ਗੜ੍ਹ ਲੁਧਿਆਣਾ ਸ਼ਹਿਰ ਦੇ ਬੱਸ ਸਟੈਂਡ ਪਹੁੰਚਦਿਆਂ ਹੀ ਥਰੀਕੇ ਪਿੰਡ ਦਾ ਨਾਂ ਆਪ ਮੁਹਾਰੇ ਜ਼ਹਿਨ ਵਿਚ ਆ ਜਾਂਦਾ ਹੈ, ਜਿੱਥੇ ਦੇਵ ਨੇ ਬਾਲ ਰੂਪ ਵਿਚ 19 ਸਤੰਬਰ, 1939 ਨੂੰ ਪਿਤਾ ਰਾਮ ਸਿੰਘ ਦੇ ਘਰ ਤੇ ਮਾਤਾ ਅਮਰ ਕੌਰ ਦੀ ਕੁੱਖੋਂ ਪਹਿਲੀ ਵਾਰੀ ਕਿਲਕਾਰੀ ਮਾਰੀ ਸੀ। ਦੇਵ ਨੇ ਮੁੱਢਲੀ ਪੜ੍ਹਾਈ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕਰਨ ਤੋਂ ਬਾਅਦ ਜਗਰਾਉ ਤੋਂ ਜੇ. ਬੀ. ਟੀ. ਦੀ ਪ੍ਰੀਖਿਆ ਪਾਸ ਕਰਕੇ ਅਧਿਆਪਕ ਵਜੋਂ ਨੌਕਰੀ ਕੀਤੀ। ਅਧਿਆਪਕ ਦੀ ਨੌਕਰੀ ਕਰਦਿਆਂ ਉਸਨੇ ਪਹਿਲਾ ਪਹਿਲ ਬਾਲ ਗੀਤ ਲਿਖਣੇ ਸ਼ੁਰੂ ਕੀਤੇ ਫਿਰ ਉਸਨੇ ਆਪਣੇ ਸੀਨੀਅਰ ਅਧਿਆਪਕ ਹਰੀ ਸਿੰਘ ਦਿਲਬਰ ਦੀ ਪ੍ਰੇਰਨਾ ਸਦਕੇ ਕਹਾਣੀਆਂ ਹਰਦੇਵ ਦਿਲਗੀਰ ਦੇ ਨਾਂ ਨਾਲ ਲਿਖਣੀਆਂ ਸ਼ੁਰੂ ਕੀਤੀਆਂ। ਰੋਹੀ ਦੇ ਫੁੱਲ ਵਰਗੀਆਂ ਕਹਾਣੀ ਦੀਆਂ ਕੁਝ ਪੁਸਤਕਾਂ ਵੀ ਪ੍ਰਕਾਸ਼ਿਤ ਹੋਈਆਂ।

ਪਿੰਡਾਂ ਵਿੱਚ ਵਿਆਹਾਂ ਸ਼ਾਦੀਆਂ ਤੇ ਹੋਰ ਖੁਸ਼ੀਆਂ ਦੇ ਮੌਕਿਆਂ ਤੇ ਲਾਊਡ ਸਪੀਕਰਾਂ ਤੇ ਵੱਜਦੇ ਗੀਤਾਂ ਨੂੰ ਸੁਣਕੇ ਕਹਾਣੀਕਾਰ ਮਾਸਟਰ ਹਰਦੇਵ ਦਿਲਗੀਰ ਨੂੰ ਵੀ ਗੀਤ ਲਿਖਣ ਦੀ ਲਾਲਸਾ ਜਾਗੀ। ਆਪਣੇ ਲਾਲਸਾ ਦੀ ਪੂਰਤੀ ਲਈ ਦੇਵ ਨੇ ਉਸ ਸਮੇਂ ਦੇ ਪ੍ਰਸਿੱਧ ਗੀਤਕਾਰ ਸ੍ਰ: ਗੁਰਦੇਵ ਸਿੰਘ ਮਾਨ ਜੀ ਨੂੰ ਆਪਣਾ ਉਸਤਾਦ/ਗੁਰੂ ਧਾਰ ਕੇ ਗੀਤਕਾਰੀ ਦੀ ਵਿਧਾ ਦੀ ਬਰੀਕੀਆਂ ਨੂੰ ਸਿੱਖਿਆ। ਦੇਵ ਜਦੋਂ ਗੀਤਕਾਰੀ ਦੀ ਪ੍ਰਪੱਕਤਾ ਦੀ ਰਾਹ ਤੁਰਿਆ ਤਾਂ ਉਸਨੇ ਸਭ ਤੋਂ ਪਹਿਲਾ ਆਪਣੇ ਅਤੀਤ ਸਮੇਂ ਦੇ ਪ੍ਰਚਾਲਿਤ ਗਾਇਕ ਪ੍ਰੇਮ ਸ਼ਰਮਾ ਸਿਹੋੜੇ ਵਾਲਾ ਦੀ ਆਵਾਜ਼ ਵਿੱਚ 'ਹੌਲੀ ਹੌਲੀ ਨੱਚ ਪਤਲੋ, ਤੇਰੀ ਗੁੱਤ ਗਿੱਟਿਆਂ ਵਿੱਚ ਵੱਜਦੀ' ਤੇ 'ਭਾਬੀ ਤੇਰੀ ਧੌਣ ਦੇ ਉੱਤੇ ਗੁੱਤ ਮੇਲ੍ਹਦੀ ਨਾਗ ਬਣਾ ਕਾਲਾ' ਦੋ ਗੀਤ ਨੂੰ ਐੱਚ.ਐੱਮ.ਵੀ.ਕੰਪਨੀ ਵਿੱਚ ਰਿਕਾਰਡ ਕਰਵਾਇਆ।

ਜਦੋਂ ਦੇਵ ਥਰੀਕੇ ਵਾਲੇ ਦਾ ਨਾਂ ਲਾਊਡ ਸਪੀਕਰਾਂ ਦੇ ਰਾਹੀਂ ਗੀਤਕਾਰੀ ਦੇ ਖੇਤਰ ਵਿਚ ਦੂਰ ਤੱਕ ਰੁਮਕਦੀਆਂ ਸੰਗੀਤਕ ਫਿਜ਼ਾਵਾਂ ਵਿੱਚ ਗੂੰਜਣ ਲੱਗਾ ਤਾਂ ਮਿਲੀ ਹੌਸਲੇ ਦੀ ਉਡਾਰੀ ਨੇ ਹੋਰ ਵੀ ਦ੍ਰਿੜਤਾ ਦੇ ਨਾਲ ਗੀਤ ਸਿਰਜਣਾ ਲਈ ਪ੍ਰੇਰਿਤ ਕੀਤਾ।ਇਸ ਤੋਂ ਬਾਅਦ ਦੇਵ ਥਰੀਕਿਆਂ ਵਾਲੇ ਨੇ ਸਮੇਂ ਦੀ ਪ੍ਰਚਾਲਿਤ ਗਾਇਕੀ ਅਨੁਸਾਰ ਆਪਣੀ ਕਲਮ ਦੁਆਰਾ ਹੋਰ ਵੀ ਗੀਤ ਉਪਜੈ ਜਿਨ੍ਹਾਂ ਨੂੰ ਉਸ ਸਮੇਂ ਦੀਆਂ ਅਮਰ ਆਵਾਜ਼ਾਂ ਜਿਵੇਂ ਕਿ:-ਸਵਰਨ ਲਤਾ, ਨਰਿੰਦਰ ਬੀਬਾ, ਜਗਮੋਹਨ ਕੌਰ, , ਮੁਹੰਮਦ ਸਦੀਕ, ਚਾਂਦੀ ਰਾਮ ਚਾਂਦੀ, ਸ਼ਾਂਤੀ ਦੇਵੀ, ਪ੍ਰਕਾਸ਼ ਕੌਰ, ਕਰਨੈਲ ਗਿੱਲ ,ਆਸਾ ਸਿੰਘ ਮਸਤਾਨਾ, ਰੰਗੀਲਾ ਜੱਟ, ਕਰਮਜੀਤ ਧੂਰੀ, ਹਰਚਰਨ ਗਰੇਵਾਲ, ਸੁਰਿੰਦਰ ਕੌਰ ਵਰਗੀਆਂ ਹੋਰ ਵੀ ਨਾਮਵਰ ਆਵਾਜਾਂ ਨੇ ਗਾ ਕੇ ਆਪਣੇ ਨਾਂ ਦੀ ਮਕਬੂਲੀਅਤ ਦੇ ਨਾਲ ਨਾਲ ਦੇਵ ਦੀ ਪ੍ਰਸਿੱਧੀ ਨੂੰ ਵੀ ਵਧਾਇਆ। ਪਰ ਦੇਵ ਨੇ ਛੇਤੀ ਹੀ ਪ੍ਰਚੱਲਤ ਦੋਹਰੇ ਅਰਥਾਂ ਵਾਲੀ ਦੋਗਾਣਾ ਗਾਇਕੀ ਤੋਂ ਕਿਨਾਰਾ ਕਰ ਸਮੇਂ ਦੀ ਧੂੜ ਵਿਚ ਅਲੋਪ ਹੋ ਰਹੀਆਂ ਲੋਕ ਗਾਥਾਵਾਂ, ਢਾਡੀ ਵਾਰਾਂ, ਤੇ ਕਿੱਸਿਆਂ ਨੂੰ ਇੱਕ ਨਵੇਂ ਰੂਪ ਵਿਚ ਤਿਆਰ ਕਰਕੇ ਇੱਕ ਨਵੀਂ ਆਵਾਜ਼ ਦਾ ਆਗਾਜ਼ ਕੀਤਾ ਜੋਂ ਬਾਅਦ ਵਿੱਚ ਲੋਕ ਗਾਥਾਵਾਂ/ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਨਾਂ ਨਾਲ ਮਸ਼ਹੂਰ ਹੋਇਆ।

ਦੇਵ ਥਰੀਕਿਆਂ ਵਾਲੇ ਦੀਆਂ ਲਿਖਤਾਂ ਤੇ ਕੁਲਦੀਪ ਮਾਣਕ ਦੀ ਆਵਾਜ਼ ਨੇ ਪੰਜਾਬੀ ਗਾਇਕੀ ਨੂੰ ਇੱਕ ਨਵਾਂ ਮੌੜ ਦਿੱਤਾ। ਜਿਸ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਦੇ ਕੇ ਪ੍ਰਵਾਨ ਕੀਤਾ ਗਿਆ ਅਤੇ ਦੇਵ ਥਰੀਕਿਆਂ ਵਾਲਾ ਆਪਣੇ ਸਮਕਾਲੀ ਗੀਤਕਾਰ ਇੰਦਰਜੀਤ ਹਸਨਪੁਰੀ, ਨੰਦ ਲਾਲ ਨੂਰਪਰੀ, ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ, ਚਰਨ ਸਿੰਘ ਸਫ਼ਰੀ ਅਤੇ ਸਾਜਨ ਰਾਏਕੋਟੀ ਵਰਗਿਆਂ ਗੀਤਕਾਰਾਂ ਦੀ ਕਤਾਰ ਦਾ ਇੱਕ ਪ੍ਰਸਿੱਧ ਗੀਤਕਾਰ ਕਹਾਉਣ ਲੱਗਾ । ਵੰਨ-ਸੁਵੰਨੇ ਵਿਸ਼ਿਆਂ ਦੀ ਚੋਣ ਨਾਲ ਗੀਤਕਾਰੀ 'ਚ ਵਿਲੱਖਣ ਮੁਕਾਮ ਹਾਸਲ ਕਰ ਚੁੱਕੇ ਦੇਵ ਦੇ ਮਿਆਰੀ ਸ਼ਬਦਾਵਲੀ ਵਾਲੇ ਗੀਤ ਲੋਕ ਮਨਾਂ ਵਿੱਚ ਸਦੀਵੀ ਤੌਰ 'ਤੇ ਘਰ ਕਰ ਗਏ। ਉਸ ਦੇ ਗੀਤਾਂ, ਗਾਥਾਵਾਂ ਅਤੇ ਕਲੀਆਂ ਦੀ ਲਿਸਟ ਲੰਮੀ ਹੈ ਜਿਨ੍ਹਾਂ ਦੀਆਂ ਤੁਕਾਂ ਲੋਕਾਂ ਦੀ ਜ਼ਬਾਨ ਉੱਤੇ ਲੋਕ ਗੀਤਾਂ ਵਾਂਗ ਉੱਕਰੀਆਂ ਹੋਈਆਂ ਹਨ।ਸੈਂਕੜੇ ਗਾਇਕ ਨੇ ਉਸ ਦੇ ਗੀਤਾਂ ਨੂੰ ਆਵਾਜ਼ ਦਿੱਤੀ । ਪਰ ਮਾਣਕ ਦੀ ਆਵਾਜ਼ ਵਿੱਚ ਗਾਈਆ ਲੋਕ ਗਾਥਾਵਾਂ,ਕਲੀਆਂ, ਕਿੱਸੇ ਅਤੇ ਸੱਭਿਆਚਾਰ ਦੀ ਤਰਜਮਾਨੀ ਕਰਦੇ ਹੋਏ ਸੱਭਿਅਕ ਗੀਤ ਨੇ ਅਜਿਹਾ ਕੰਮ ਕਰ ਦਿਖਾਇਆ ਕਿ ਸੱਭਿਆਚਾਰ ਦੇ ਮੁਦੱਈਆਂ ਤੇ ਸੁਹਿਰਦ ਲੋਕਾਂ ਨੇ ਭਰਵੀਂ ਦਾਦ ਦਿੱਤੀ ਇਸ ਲਈ ਇਸ ਜੋੜੀ ਨੂੰ ਸਮਾਜਿਕ ਪਿੜ ਅੰਦਰ ਕਦੇ ਵੀ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ।

ਦੇਵ ਥਰੀਕਿਆਂ ਵਾਲਾ ਪੰਜਾਬੀ ਗੀਤਕਾਰੀ ਦਾ ਇੱਕ ਅਜਿਹਾ ਸਿਰਨਾਵਾਂ ਹੈ ਜਿਸਨੇ ਕਦੇ ਵੀ ਸਮਝੌਤੇ ਨਾਲ ਜਾਂ ਕਿਸੇ ਦੇ ਕਹਿਣ 'ਤੇ ਗੀਤ ਨਹੀਂ ਲਿਖਿਆ ਬਲਕਿ ਮਨ ਦੀ ਆਵਾਜ਼ ਤੇ ਲਿਖਿਆ ਜਾਂ ਆਪਣੀ ਰੂਹ ਦੇ ਰੱਜ ਲਈ ਲਿਖਿਆ। ਦੇਵ ਦੇ ਗੀਤ ਪੰਜਾਬੀ ਲੋਕ ਧਾਰਾ ਤੇ ਸੱਭਿਆਚਾਰਕ ਵਿਰਾਸਤ ਦੀ ਖੂਬਸੂਰਤ ਨੂੰ ਪੇਸ਼ ਕਰਦੇ ਹਨ ਜਿਸਤੇ ਪੂਰੀ ਪੰਜਾਬੀਅਤ ਮਾਣ ਮਹਿਸੂਸ ਕਰਦੀ ਹੈ। 1973-74 ਦੇ ਦਹਾਕੇ ਤੋਂ ਲੈ ਕੇ 21ਵੀਂ ਸਦੀ ਦੇ ਸਾਲ 2022 ਦੇ ਅੰਤ ਤੱਕ ਦੇਵ ਦੇ ਲਿਖੇ ਗੀਤਾਂ ਨੂੰ ਨਵੇਂ ਪੁਰਾਣੇ ਹਰ ਇੱਕ ਗਾਇਕ ਜਿਵੇਂ ਕਿ:- ਪ੍ਰੇਮ ਸ਼ਰਮਾ, ਸਵਰਨ ਲਤਾ, ਨਰਿੰਦਰ ਬੀਬਾ, ਜਗਮੋਹਨ ਕੌਰ, ਮੁਹੰਮਦ ਸਦੀਕ, ਚਾਂਦੀ ਰਾਮ ਚਾਂਦੀ, ਸ਼ਾਂਤੀ ਦੇਵੀ, ਪ੍ਰਕਾਸ਼ ਕੌਰ, ਕਰਨੈਲ ਗਿੱਲ ,ਆਸਾ ਸਿੰਘ ਮਸਤਾਨਾ, ਰੰਗੀਲਾ ਜੱਟ, ਕਰਮਜੀਤ ਧੂਰੀ, ਹਰਚਰਨ ਗਰੇਵਾਲ, ਕਰਤਾਰ ਰਮਲਾ, ਸੁਰਿੰਦਰ ਕੌਰ, ਗੁਲਸ਼ਨ ਕੋਮਲ, ਕੁਲਦੀਪ ਮਾਣਕ , ਕੁਲਦੀਪ ਕੌਰ, ਸੁਖਵੰਤ ਸੁੱਖੀ,ਸੁਰਿੰਦਰ ਛਿੰਦਾ,ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਰਣਜੀਤ ਮਣੀ, ਕੁਲਦੀਪ ਪਾਰਸ, ਸੁਖਵਿੰਦਰ ਸੁੱਖੀ, ਮਲਕੀਤ ਸਿੰਘ ਕਰਮਜੀਤ ਰੰਧਾਵਾ ਪਰਮਿੰਦਰ ਸਿੱਧੂ ਪੰਮੀ ਬਾਈ ਯੁਧਵੀਰ ਮਾਣਕ, ਰਵਿੰਦਰ ਗਰੇਵਾਲ ਸੁਖਵਿੰਦਰ ਪੰਛੀ, ਵੀਤ ਬਲਜੀਤ, ਗੁਰਮੀਤ ਮੀਤ ਅਤੇ ਜੈਜ਼ੀ ਬੀ ਵਰਗਿਆਂ ਅਨੇਕਾਂ ਹੀ ਹੋਰ ਗਾਇਕਾਂ ਨੇ ਗਾ ਕੇ ਮਾਣ ਮਹਿਸੂਸ ਕੀਤਾ।

ਦੇਵ ਥਰੀਕਿਆਂ ਵਾਲੇ ਨੇ ਕਦੇ ਵੀ ਗੀਤਾਂ ਦਾ ਵਰਗੀਕਰਨ ਨਹੀਂ ਬਲਕਿ ਬੜੀ ਸੁਹਿਰਦਤਾ ਨਾਲ ਲੋਕ ਮਨਾਂ ਦੀ ਮਾਨਸਿਕਤਾ ਨੂੰ ਨੇੜਿਓਂ ਸਮਝਕੇ ਸੱਭਿਆਚਾਰਕ ਵਿਰਾਸਤ ਨੂੰ ਪੇਸ਼ ਕਰਨ ਵਾਲੇ ਸੱਭਿਅਕ ਗੀਤਾਂ ਦੇ ਵਿਸ਼ਿਆਂ ਦੀ ਚੋਣ ਕਰਕੇ ਖੂਬਸੂਰਤੀ ਨਾਲ ਕੀਤੀ।ਦੇਵ ਦੀ ਕਲਮ ਨੇ ਸੈਂਕੜਿਆਂ ਦੀ ਤਾਦਾਦ ਵਿੱਚ ਲੋਕ ਗਾਥਾਵਾਂ,ਕਲੀਆਂ ਸੱਭਿਆਚਾਰਕ ਤੇ ਸਮਾਜਿਕ ਗੀਤਾਂ ਤੋਂ ਇਲਾਵਾ ਤੇ ਧਾਰਮਿਕ ਸਾਕਿਆਂ ਅਤੇ ਉਪੇਰਿਆ ਨੂੰ ਸਿਰਜਿਆ ਹੈ ਜਿਵੇਂ ਕਿ :- ਮੱਸਾ ਰੰਘੜ, ਸਿੰਘ ਸੂਰਮੇ, ਅਡੋਲ ਖ਼ਾਲਸਾ, ਅੰਮ੍ਰਿਤ ਦੀ ਦਾਤ, ਬੰਦਾ ਸਿੰਘ ਬਹਾਦਰ,ਸ਼ਹੀਦੇ ਆਜ਼ਮ ਸ੍ਰ: ਭਗਤ ਸਿੰਘ, ਜਿਊਣਾ ਮੌੜ, ਜੱਗਾ ਡਾਕੂ, ਮਿਰਜ਼ਾ ਖਰਲਾਂ ਦਾ ਆਦਿ ਹੋਰ ਕਿੱਸੇ ਜਿਨ੍ਹਾਂ ਨੂੰ ਪੰਜਾਬ ਦੇ ਸਿਰਮੌਰ ਕਲਾਕਾਰ ਕੁਲਦੀਪ ਮਾਣਕ ਤੇ ਸੁਰਿੰਦਰ ਛਿੰਦਾ ਨੇ ਗਾ ਕੇ ਦੇਵ ਦੇ ਨਾਂ ਨੂੰ ਗੀਤਕਾਰੀ ਦੇ ਇਤਿਹਾਸ ਵਿਚ ਸੁਨਹਿਰੀ ਹਰਫ਼ਾਂ ਵਿਚ ਲਿਖਿਆ ਹੈ। ਦੇਵ ਗੀਤਕਾਰੀ ਦਾ ਉਹ ਸੁਨਹਿਰੀ ਇਤਿਹਾਸ ਹੈ ਜਿਹਨੂੰ ਲਿਖਣ ਲਈ ਆਸਮਾਨ ਜਿੱਡਾ ਕਾਗਜ਼ ਤੇ ਸੁਮੰਦਰ ਜਿੰਨੀ ਸਿਆਹੀ ਚਾਹੀਦੀ ਹੈ।ਦੇਵ ਦਾ ਸਭ ਤੋਂ ਵੱਡਾ ਗੁਣ ਇਹ ਰਿਹਾ ਕਿ ਉਸ ਨੇ ਆਪਣੇ ਅੰਦਰਲੇ ਸ਼ਾਇਰ ਹਮੇਸ਼ਾ ਜਿਊਂਦਾ ਉਸਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ। ਉਸਨੂੰ ਜੀਵਨ ਦੇ ਅੰਤ ਤੱਕ ਹਮੇਸ਼ਾ ਹੀ ਕਿਤਾਬਾਂ, ਰਸਾਲੇ ਅਤੇ ਅਖਬਾਰ ਹੀ ਪੜਦਿਆਂ ਦੇਖਿਆ ਗਿਆ।ਇਸੇ ਕਰਕੇ ਉਸ ਦੇ ਗੀਤਾਂ ਵਿਚ ਇਤਿਹਾਸਕ ਹਵਾਲੇ ਮਿਲਦੇ ਰਹਿੰਦੇ ਹਨ। ਦੇਵ ਆਪਣੇ ਗੀਤਾਂ ਵਿਚ ਹਮੇਸ਼ਾ ਹੀ ਸਮੇਂ ਦੇ ਹਾਣ ਦੀ ਗੱਲ ਕਰਦਾ ਰਿਹਾ।

ਦੇਵ ਬੜਾ ਮੁਹੱਬਤੀ ਇਨਸਾਨ ਸੀ। ਦਿਲ ਦਾ ਨਰਮ ਹਰ ਇੱਕ ਨੂੰ ਆਪਣੇ ਕਲਾਵੇ ਵਿਚ ਲੈਣ ਵਾਲਾ। ਹਮੇਸ਼ਾ ਹਾਸੇ ਠੱਠੇ ਅਤੇ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਪੰਜਾਬੀ ਦਾ ਇਹ ਬਾਦਸ਼ਾਹੀ ਗੀਤਕਾਰ ਸੀ। ਦੇਵ ਕੋਲ ਬੈਠਦਿਆ ਹੀ ਸਾਹਿਤ ਦੀ ਗੱਲ ਕਰਦਾ, ਸੰਗੀਤ ਦੀ ਗੱਲ ਕਰਦਾ ਜੀਅ ਨਾਲ ਜਹਾਨ ਆ ਵਾਲੀ ਫਿਤਰਤ ਸੀ ਉਸ ਦੀ। ਸਾਹਿਤਕ ਰੂਹ ਦੇ ਰੱਜੇ ਦੇਵ ਨੂੰ ਦੁਨੀਆ ਭਰ ਦੇ ਮਾਣ-ਸਨਮਾਨ ਨਾਲ ਨਿਵਾਜਿਆ ਗਿਆ ਉਹ ਕਦੇ ਵੀ ਸਨਮਾਨਾਂ ਦੀ ਦੌੜ ਵਿਚ ਨਹੀਂ ਭੱਜਿਆ ।ਹਮੇਸ਼ਾ ਹੀ ਉਹ ਲੋਕਾਂ ਦੇ ਪਿਆਰ ਨੂੰ ਵੱਡਾ ਸਨਮਾਨ ਸਮਝਦਾ ਸੀ।ਦੇਵ ਥਰੀਕਿਆਂ ਵਾਲੇ ਦੀ ਇਹ ਸਿਫਤ ਰਹੀ ਹੈ ਕਿ ਉਸ ਨੇ ਹੁਣ ਤੱਕ ਜੋਂ ਵੀ ਕਾਵਿ ਗੀਤ ਸਿਰਜਿਆ ਹੈ ਉਸ ਵਿੱਚ ਪਰਿਵਾਰਿਕ ਰਿਸਤਿਆਂ ਤੇ ਸੱਭਿਆਚਾਰ ਦੀ ਮਹਿਕ ਆਉਂਦੀ ਹੈ। ਉਸ ਦੇ ਸਿਰਜੇ ਗਏ ਸੈਂਕੜੇ/ਹਜ਼ਾਰਾਂ ਗੀਤ ਲੋਕ ਗੀਤਾਂ ਦੀ ਤਰਜਮਾਨੀ ਕਰਦੇ ਸਦਾ ਲਈ ਅਮਰ ਹੋ ਗਏ ਜਿਵੇਂ ਕਿ:-ਮਾਂ ਹੁੰਦੀ ਏ ਮਾਂ,ਛੇਤੀ ਕਰ ਸਰਵਣ ਬੱਚਾ, ਤੇਰੇ ਟਿੱਲੇ ਤੋਂ, ਮਾਂ ਮਿਰਜ਼ੇ ਦੀ ਬੋਲਦੀ, ਜਦ ਭੈਣਾਂ ਹੋ ਜਵਾਨ, ਇੱਕ ਯੋਗੀ ਟਿੱਲਿਓ ਆ ਗਿਆ,ਯਾਰਾਂ ਦਾ ਟਰੱਕ ਬੱਲੀਏ, ਪੁੱਤ ਜੱਟਾਂ ਦੇ,ਸਾਹਿਬਾਂ ਦਾ ਖਿਆਲ, ਮਾਣ ਕਰੀ ਨਾ ਜੱਟੀਏ, ਤੇਰੀ ਖਾਤਰ ਹੀਰੇ, ਆਖੇ ਅਕਬਰ ਬਾਦਸ਼ਾਹ,ਦੁੱਲਿਆ ਵੇ ਟੋਕਰਾ ਚੁਕਾਈ ਆਣ ਕੇ, ਮਿਰਜ਼ਾ ਯਾਰ, ਯਾਰ ਮੇਰਾ ਛੱਡ ਗਿਆ,ਗੱਡੀ ਵਿੱਚ ਜਾਣ ਵਾਲੀਏ, ਮਾਂ ਮਿਰਜ਼ੇ ਦੀ ਬੋਲੀ, ਕੌਲਾਂ ਭਗਤਨੀ, ਦੋ ਤੇਰੇ ਨੱਕ ਦਾ ਕੋਕਾ,ਉੱਠਾਂ ਵਾਲੇ ਨੀਂ, ਪੂਰਨ ਭਗਤ, ਜਿਊਂਦੀ ਮਾਂ ਨੂੰ ਮਾਰ ਗਿਆ,ਉੱਚਾ ਬੁਰਜ ਲਾਹੌਰ ਦਾ, ਲੈ ਗਈ ਕੁੰਜੀਆਂ ਚੁਬਾਰਿਆਂ ਵਾਲੀ, ਜੱਗਾ ਜੰਮਿਆ, ਜੁਗਨੀ, ਸੁੱਚੇ ਯਾਰ ਬਿਨਾਂ, ਸੁੱਚਿਆ ਵੇ ਭਾਬੀ ਤੇਰੀ, ਦਾਤਾ ਤੇ ਭਗਤ ਸੂਰਮਾ, ਸ਼ਹੀਦ ਭਗਤ ਸਿੰਘ ,ਭਾਈ ਮਤੀ ਦਾਸ ਗੁਰੂ ਦਾ ਪਿਆਰਾ ਅਤੇ ਬੰਦਾ ਸਿੰਘ ਬਹਾਦਰ ਵਰਗੇ ਹਾਜ਼ਰਾ ਹੀ ਹੋਰ ਗੀਤ।ਦੇਵ ਲਈ ਇਹ ਸਭ ਤੋਂ ਵੱਡਾ ਮਾਣ ਰਿਹਾ ਕਿ ਉਸਨੇ ਆਪਣੀ ਕਲਮ ਰਾਹੀਂ ਨਾ ਸਿਰਫ਼ ਰਿਸ਼ਤਿਆਂ ਦੀ ਪਵਿੱਤਰਤਾ ਕਾਇਮ ਰੱਖੀ, ਸਗੋਂ ਸਮਾਜਿਕ ਕਦਰਾਂ-ਕੀਮਤਾਂ ਨੂੰ ਵੀ ਨਵਾਂ-ਨਰੋਆ ਰੱਖਿਆ। ਦੁਨੀਆਂ ਭਰ ਵਿੱਚ ਸਾਹਿਤ, ਕਲਾ ਤੇ ਗੀਤ-ਸੰਗੀਤ ਪ੍ਰੇਮੀ ਉਸ ਨੂੰ ਜਨੂੰਨ ਦੀ ਹੱਦ ਤਕ ਪਿਆਰ ਕਰਦੇ ਨੇ। ਉਦਾਹਰਣ ਦੇ ਤੌਰ ਤੇ ਇੰਗਲੈਂਡ ਵਿਚ ਵਸਦੇ ਸੁਖਦੇਵ ਸਿੰਘ ਅਟਵਾਲ ਉਧੋਪੁਰੀਏ ਨੇ ਦੇਵ ਥਰੀਕਿਆਂ ਵਾਲੇ ਦੇ ਨਾਂ ਤੇ ਦੇਵ ਥਰੀਕੇ ਵਾਲਾ ਐਪ੍ਰੀਸੀਏਸ਼ਨ ਸੁਸਾਇਟੀ ਬਣਾਈ ਹੋਈ ਹੈ, ਜੋਂ ਦੇਵ ਅਤੇ ਪੰਜਾਬੀ ਸੰਗੀਤ ਨਾਲ ਜੁੜੀ ਪੰਜਾਬੀਅਤ ਲਈ ਪੂਰੇ ਮਾਣ ਵਾਲੀ ਗੱਲ ਹੈ।

ਦੇਵ ਨੇ ਆਪਣੇ ਜੀਵਨ ਦੇ ਅੰਤ ਤੱਕ ਹਰ ਖੇਤਰ ਵਿੱਚ ਬੁਲੰਦੀਆਂ ਛੂਹਣ ਦੇ ਬਾਵਜੂਦ ਵੀ ਪੈਰ ਧਰਤੀ 'ਤੇ ਹੀ ਰੱਖੇ। ਸਾਧਾਰਨ ਰਾਮਗੜ੍ਹੀਆ ਪਰਿਵਾਰ ਵਿੱਚ ਜੰਮਿਆ-ਪਲਿਆ ਵਿਲੱਖਣ ਸ਼ਖ਼ਸੀਅਤ ਦਾ ਮਾਲਕ ਥਰੀਕਿਆਂ ਵਾਲਾ ਦੇਵ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਰੰਗਤ ਚ ਰੰਗਿਆ ਆਪਣੇ ਵਤਨ ਪੰਜਾਬ ਦੀ ਮਿੱਟੀ ਦੀਆਂ ਗੱਲਾਂ ਕਰਦਾ ਹੋਇਆ ਆਖਰਕਾਰ 25 ਜਨਵਰੀ 2022 ਨੂੰ ਪਿੰਡ ਥਰੀਕੇ ਦੀ ਮਿੱਟੀ ਚ ਹਮੇਸ਼ਾ ਲਈ ਸਮਾ ਗਿਆ। ਦੇਵ ਨੇ ਆਪਣੀ ਕਲਮ ਨਾਲ ਸੱਭਿਆਚਾਰਕ ਸਾਂਝ ਪਾਈ ਕੇ ਹਮੇਸ਼ਾ ਹੀ ਪਾਕ ਮੁਹੱਬਤ ਦੀ ਗੱਲ ਕੀਤੀ। ਸਾਫ਼-ਸੁਥਰੇ ਤੇ ਪਰਿਵਾਰਕ ਸ਼ਬਦਾਂ ਨਾਲ ਸੁੱਖਾਂ ਦੇ ਸੁਨੇਹੇ ਦੇਣ ਵਾਲੇ ਦੇਵ ਦੇ ਗੀਤਾਂ ਦੀ ਉਮਰ ਸਦੀਆਂ ਤਕ ਲਮੇਰੀ ਰਹੇਗੀ ।

ਦੇਵ ਥਰੀਕਿਆਂ ਵਾਲਾ ਪੰਜਾਬੀ ਗੀਤਕਾਰੀ ਦਾ ਮੁਕੰਮਲ ਸਿਰਨਾਵਾਂ ਹੈ। ਜਿਸਨੇ ਪੰਜਾਬੀ ਸੰਗੀਤ ਅਤੇ ਫਿਲਮਾਂ ਦੇ ਲਈ ਬੇਸ਼ੁਮਾਰ ਅਥਾਹ ਗੀਤਾਂ ਦੀ ਸਿਰਜਣਾ ਕੀਤੀ ਜਿਸ ਵਿਚ ਪਤਾ ਨਹੀਂ ਕਿੰਨੇ ਗੀਤਾਕਰ ਤੇ ਗਾਇਕਾਂ ਦੇ ਸਿਰਨਾਵੇਂ ਦਰਜ ਹਨ। ਮਾਂ ਬੋਲੀ ਪੰਜਾਬੀ ਹਮੇਸ਼ਾ ਹੀ ਇਸ ਗੱਲ ਦਾ ਮਾਣ ਕਰਦੀ ਰਹੇਗੀ ਕਿ ਉਸ ਨੇ ਯੁੱਗ ਗੀਤਕਾਰ ਥਰੀਕਿਆਂ ਵਾਲੇ ਦੇਵ ਦੀ ਬਾਦਸ਼ਾਹੀ ਕਲਮ ਦਾ ਵੀ ਨਿੱਘ ਮਾਣਿਆ।

=================